# ਵਰਿਆਮ

੩੨ਵਾਂ ਸਾਲ

ਸਤੰਬਰ, ੨੦੦੭



੫ ਅਗਸਤ ੨੦੦੭ ਸ੍ਰੀ ਭੈਣੀ ਸਾਹਿਬ ਵਿਚ ਰਾਏਕੋਟ ਦੇ ਸ਼ਹੀਦਾਂ ਦੀ ਯਾਦ ਵਿਚ ਹੋਏ ਸਮਾਗਮ ਤੇ ਪੁੱਜੇ ਪੰਜ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦਾ ਸਨਮਾਨ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

NamdhariElibrary NamdhariElibrary@gmail.com

ਰਾਏਕੋਟ ਦੇ ਸ਼ਹੀਦਾਂ ਦੇ ਮੇਲੇ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਨਮਾਨ ਪ੍ਰਾਪਤ ਕਰ ਰਹੇ।



ਆਰ. ਐਸ. ਐਸ. ਦੇ ਸਰ ਸੰਘ ਚਾਲਕ ਸ੍ਰੀ ਕੇ ਸੁਦਰਸ਼ਨ ਜੀ



ਲੋਕ ਸਭਾ ਦੇ ਡਿਪਟੀ ਸਪੀਕਰ
ਸ. ਚਰਨਜੀਤ ਸਿੰਘ ਅਟਵਾਲ



ਜੱਥੇਦਾਰ ਕੁਲਦੀਪ ਸਿੰਘ ਵਡਾਲਾ

Namdhari Elibrary NamdhariElibrary@gmail.com

# ਵਰਿਆਮ

ਸਤੰਬਰ-੨੦੦੭
ਜਿਲਦ-੩੨
ਅੰਕ- ੧੧

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| | |
|---|---|
| ਦਫਤਰ ਦਾ ਪਤਾ: | Office Address : |
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਚਲਿ ਚਲਿ ਗਈਆਂ ਪੰਖੀਆਂ — *ਸੰਪਾਦਕੀ* ------- ੨
ਗੁਰੂ ਕਾ ਲਾਡਲਾ ਸਪੂਤ—
ਸੂਬਾ ਸਾਹਿਬ ਸਿੰਘ —*ਸੁਵਰਨ ਸਿੰਘ ਵਿਰਕ* ------- ੪
ਮਾਰ ਉਡਾਰੀ ਪੰਛੀ ਉਡ ਗਿਆ
ਫੇਰ ਘਰ ਨਾ ਆਇਆ।
—*ਹਰਭਜਨ ਸਿੰਘ ਬਾਜਵਾ* ----------- ੧੪
'੫੭ ਦੀ ਫ਼ੌਜੀ ਬਗਾਵਤ ਨਹੀਂ; ਕੂਕਾ-ਲਹਿਰ ਦੇਸ਼ ਦੀ ਆਜ਼ਾਦੀ ਦਾ ਪਹਿਲਾ ਸੰਘਰਸ਼ ਸੀ।
—*ਡਾ. ਅਜੀਤ ਸਿੰਘ* --------------- ੧੭
ਮੇਰੀ ਪਹਿਲੀ ਪਾਕਿਸਤਾਨ ਯਾਤਰਾ—੨
—*ਮਾ. ਅਮਰੀਕ ਸਿੰਘ* --------------- ੨੧
ਚੋਣਵੇ ਪੰਜਾਬੀ ਸ਼ਿਅਰ—
— *ਚਰਨ ਸੀਚੇਵਾਲਵੀ* ------------- ੨੭
ਇੱਕੀਵੀਂ ਸਦੀ ਦਾ ਔਰੰਗਜ਼ੇਬ
—*ਗੁਰਭਜਨ ਗਿੱਲ* ---------------- ੨੮
ਗੀਤ —*ਮਹਿਮਾ ਸਿੰਘ ਤੂਰ* -------------- ੨੯
ਗ਼ਜ਼ਲ —*ਪ੍ਰਿੰ. ਕਰਤਾਰ ਸਿੰਘ ਕਾਲੜਾ* ------- ੨੯
ਹਰਿ ਕਾ ਨਾਮ ਹੀ ਸ਼ਕਤ ਭੰਡਾਰਾ
—*ਦਲਬੀਰ ਸਿੰਘ ਤਰਸ* -------------- ੩੦
ਸ਼ਾਂਤ ਚਿੱਤ ਰਹਿਣ ਲਈ ਜ਼ੇਨ-ਮਸ਼ਕ ਦਾ ਮਹੱਤਵ —*ਮਹਿਮਾ ਸਿੰਘ ਤੂਰ* ----------- ੩੧
ਮੈਨੂੰ ਨਾਮਧਾਰੀ ਕਿਉਂ ਚੰਗੇ ਲਗਦੇ ਹਨ ?
—*ਕਿਰਪਾਲ ਸਿੰਘ ਆਜ਼ਾਦ* ----------- ੩੩
ਤਵਾਰੀਖ ਸੰਤ ਖਾਲਸਾ
—*ਕਰਨਲ ਹਰਭਜਨ ਸਿੰਘ ਚੀਮਾ* -------- ੩੬
ਖ਼ਬਰਨਾਮਾ ----------------------------- ੩੯
ਵਲੂੰਧਰਿਆ ਚੇਤਾ —*ਅਮਰਜੀਤ ਚੰਦਨ* ------- ੪੩
ਪ੍ਰਤੀਕਿਰਿਆ ---------------------------- ੪੪

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ॥
—ਸ਼ੇਖ ਫਰੀਦ



Namdhari Elibrary NamdhariElibrary@gmail.com

# ਚਲਿ ਚਲਿ ਗਈਆਂ ਪੰਖੀਆਂ

ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥

ਪੰਛੀਆਂ ਦੀਆਂ ਡਾਰਾਂ ਨੇ ਇਸ ਤਲਾਬ ਨੂੰ ਸੁਹਾਵਣਾ ਬਣਾਇਆ ਹੋਇਆ ਹੈ। ਉਹ ਆਪਣੀ ਆਪਣੀ ਵਾਰੀ ਤੁਰੀਆਂ ਜਾ ਰਹੀਆਂ ਹਨ। ਇਹ ਸਰੋਵਰ ਵੀ ਸੁਕ ਜਾਵੇਗਾ ਅਤੇ ਪਿਛੇ ਰਹੇ ਕੌਲ ਫੁਲ ਵੀ ਕੁਮਲਾ ਜਾਣਗੇ। ਫਰੀਦ ਜੀ ਨੇ ਸੰਸਾਰ ਦੀ ਖੇਡ ਨੂੰ ਬਹੁਤ ਸੰਖੇਪ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਜਦੋਂ ਆਪਣੇ ਜੀਵਨ ਦੇ ਪਿਛੋਕੜ ਨੂੰ ਅੰਤਰ ਧਿਆਨ ਹੋ ਕੇ ਵੇਖਦੇ ਹਾਂ ਤਾਂ ਜਿਹੜੇ ਪਿਆਰੇ ਸਾਥੀ ਇਸ ਜਗਤ ਸਰੋਵਰ ਤੋਂ ਉਡ ਗਏ ਹਨ ਉਹਨਾਂ ਦੀ ਗਿਣਤੀ ਨਹੀਂ ਹੁੰਦੀ। ਬਹੁਤ ਪਿਆਰੇ ਪਿਆਰੇ ਸੁੰਦਰ ਚਿਹਰੇ ਇਵੇਂ ਅਲੋਪ ਹੋ ਚੁੱਕੇ ਹਨ ਅਤੇ ਹੋ ਰਹੇ ਹਨ ਜਿਵੇਂ ਹਰ ਰੋਜ਼ ਦਿਨ ਦਾ ਚਾਨਣ ਅਲੋਪ ਹੋ ਜਾਂਦਾ ਹੈ।

ਇਹ ਵੀ ਹਕੀਕਤ ਹੈ ਕਿ ਅਲੋਪ ਹੋਇਆ ਚਾਨਣ ਫਿਰ ਪਰਗਟ ਵੀ ਹੁੰਦਾ ਹੈ। ਸੁੱਕੇ ਸਰਵਰ ਫੇਰ ਹਰੇ ਭਰੇ ਹੋ ਜਾਂਦੇ ਹਨ। ਪੰਛੀ ਮੁੜ ਮੁੜ ਆਉਂਦੇ ਅਤੇ ਜਾਂਦੇ ਰਹਿੰਦੇ ਹਨ ਮੌਤ ਦਾ ਕੰਢਾ ਦਰਿਆਵਾਂ ਦੀ ਢਾਹ ਵਾਂਗ ਲਗਦਾ ਹੈ। ਜਾਪਦਾ ਹੈ ਕਿ ਬਹੁਤ ਮੌਤਾਂ ਹੋ ਰਹੀਆਂ ਹਨ ਪਰ ਮੌਤ ਅਤੇ ਜਨਮਾਂ ਦੀ ਗਿਣਤੀ ਤਾਂ ਸਦਾ ਬਰਾਬਰ ਰਹਿਣੀ ਹੈ। ਜਿੰਨੇ ਸਾਹ ਅੰਦਰ ਜਾਣੇ ਹਨ ਉਨੇ ਹੀ ਬਾਹਰ ਆਉਣੇ ਹਨ। ਇਵੇਂ ਹੀ ਸੁੱਖਾਂ ਅਤੇ ਦੁੱਖਾਂ ਦੀ ਗਿਣਤੀ ਵੀ ਬਰਾਬਰ ਨਾਲੋ ਨਾਲ ਚਲਣੀ ਹੈ। ਸੰਸਾਰ ਦੀ ਕਾਰ ਅਸਲ ਵਿਚ ਇਸ ਆਵਣ ਜਾਣ, ਦੁੱਖ ਸੁੱਖ, ਸੰਜੋਗ ਵਿਜੋਗ ਹਨੇਰ ਚਾਨਣ ਨਾਲ ਹੀ ਚਲਦੀ ਹੈ।

ਸੰਜੋਗ ਵਿਜੋਗ ਦੀ ਇਸ ਕਾਰ ਵਿਚ ਹੀ ਸਾਡੇ ਜੀਵਨ ਵਿਚ ਦਲਬੀਰ ਸਿੰਘ ਆਇਆ। ਜਦੋਂ ਵਰਿਆਮ ਦੇ ਮੁੱਢਲੇ ਸਵਾਸ ਚਲਣੇ ਆਰੰਭ ਹੋਏ ਤਾਂ ਦਲਬੀਰ ਸਿੰਘ ਪੂਰੀ ਸ਼ਿਦਤ ਨਾਲ ਬਾਲ ਵਰਿਆਮ ਦੀ ਸੁਰੱਖਿਆ ਵਾਸਤੇ ਆ ਹਾਜ਼ਰ ਹੋਇਆ। ਨਵਾਂ ਜ਼ਮਾਨਾ ਅਖ਼ਬਾਰ ਜਲੰਧਰ ਤੋਂ ਸ਼ੁਰੂ ਹੋ ਕੇ ਲੁਧਿਆਣਾ ਖੇਤੀ ਬਾੜੀ ਯੂਨੀਵਰਸਟੀ ਤੋਂ ਪੰਜਾਬ ਟਰਿਬਿਊਨ ਚੰਡੀਗੜ੍ਹ ਤੱਕ ਦੇ ਸਫ਼ਰ ਤੱਕ ਦਲਬੀਰ ਸਿੰਘ ਨੇ ਸਾਡੇ ਨਾਲ ਗੂੜਾ ਸੰਪਰਕ ਬਣਾਈ ਰੱਖਿਆ। ਹਰ ਮੌਕੇ ਤੇ ਹਾਜ਼ਰ। ਦਲਬੀਰ ਸਿੰਘ ਸਾਡੀ ਮਜ਼ਬੂਤ ਧਿਰ ਬਣਿਆ ਰਿਹਾ। ਸਾਡੇ ਦੁੱਖ ਸੁੱਖ ਦਾ ਭਾਈਵਾਲ। ਉਂਜ ਵਿਹਾਰਕ ਤੌਰ ਤੇ ਇਹ ਗੱਲ ਬਣਦੀ ਨਹੀਂ। ਉਹ ਬਹੁਤ ਵੱਡੀ ਅਖ਼ਬਾਰ ਦਾ ਬਹੁਤ ਵੱਡਾ ਸੰਪਾਦਕ ਪੱਤਰਕਾਰ ਅਸੀਂ ਛੋਟੇ ਜਿਹੇ ਪੱਤਰ ਦੇ ਨਗੂਣੇ ਜਿਹੇ ਕਾਰਿੰਦੇ।

ਕਹਿਣ ਸੁਣਨ ਨੂੰ ਤਾਂ ਬਹੁਤ ਕੁਝ ਹੈ। ਦਲਬੀਰ ਸਿੰਘ ਦੀਆਂ ਪ੍ਰਾਪਤੀਆਂ ਤਾਂ ਪਰੇ ਤੋਂ ਪਰੇ ਹਨ। ਇਕ ਸਾਧਾਰਨ ਖ਼ਬਰਾਂ ਲਿਖਣ ਵਾਲੇ ਤੋਂ ਉਠ ਕੇ ਸਰਕਾਰ ਵੱਲੋਂ ਸ਼੍ਰੋਮਣੀ ਪੱਤਰਕਾਰ ਵਜੋਂ ਵੀ ਪੁਰਸਕ੍ਰਿਤ ਹੋਇਆ ਵੱਡੇ ਵੱਡੇ ਬੰਦਿਆਂ ਦੀਆਂ ਪੁਸਤਕਾਂ ਵੀ ਉਸ ਅਨੁਵਾਦ ਕੀਤੀਆਂ। ਲੇਖਕ ਨਾਟਕਕਾਰ ਪੱਤਰਕਾਰ ਅਤੇ



Namdhari Elibrary NamdhariElibrary@gmail.com

ਹੋਰ ਬਹੁਤ ਕੁਝ ਇਕੋ ਸਮੇਂ ਹੁੰਦਿਆਂ ਉਹਨੇ ਦੋਸਤਾਂ ਦਾ ਬਹੁਤਾ ਵੱਡਾ ਘੇਰਾ ਕਾਇਮ ਕੀਤਾ। ਦਲਬੀਰ ਸਿੰਘ ਦੇ ਦਿਲ ਦਾ ਬਾਈਪਾਸ ਉਪਰੇਸ਼ਨ ਵੀ ਹੋਇਆ ਅਤੇ ਅੱਖ ਦਾ ਨੁਕਸਾਨ ਵੀ ਹੋਇਆ ਪਰ ਉਸ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ ਅਤੇ ਨਾ ਜ਼ਿਕਰ। ਨਾ ਹੀ ਇਹਨਾਂ ਗੱਲਾਂ ਦਾ ਬਹੁਤਾ ਪਤਾ ਸੀ ਲੋਕਾਂ ਨੂੰ। ਆਪਣੇ ਕਾਰਜ ਨੂੰ ਨਿਭਾਉਂਦਿਆਂ ਕਈ ਵਾਰ ਐਸੇ ਮੌਕੇ ਵੀ ਆਏ ਜਦੋਂ ਉਹਦੀ ਜੀਵਨ ਲੀਲਾ ਖ਼ਤਮ ਹੋ ਸਕਦੀ ਸੀ ਪਰ ਉਹ ਆਪਣੇ ਵਿਚਾਰਾਂ ਤੇ ਕਾਇਮ ਰ੍ਹਿਾ। ਉਸ ਦੇ ਠਹਾਕੇ ਓਵੇਂ ਵਜਦੇ ਰਹੇ ਅਤੇ ਉਸ ਦੀ ਕੰਮ ਕਰਨ ਦੀ ਸ਼ਕਤੀ ਵਿਚ ਫਰਕ ਨਾ ਆਇਆ।

ਦਲਬੀਰ ਸਿੰਘ ਦੀ ਮੌਤ ਅਖ਼ਬਾਰ ਦੇ ਮੇਜ਼ ਤੇ ਕੰਮ ਕਰਦਿਆਂ ਅਚਾਨਕ ਹੋਈ। ਮੌਤ ਤੋਂ ਬਾਦ ਇਸਦਾ ਕਾਰਨ ਤਾਂ ਕੋਈ ਨਾ ਕੋਈ ਮਿਥਿਆ ਹੀ ਜਾਂਦਾ ਹੈ। ਕਿਸੇ ਨੇ ਕਿਸੇ ਰੋਗ ਦੇ ਮੱਥੇ ਤਾਂ ਇਹ ਲਾਈ ਹੀ ਜਾਂਦੀ ਹੈ ਪਰ ਅਸੀਂ ਸਮਝਦੇ ਹਾਂ ਕਿ ਆਪਣੇ ਸਰੀਰ ਤੋਂ ਉਸ ਏਨਾ ਕੰਮਾ ਲੈ ਲਿਆ ਸੀ ਕਿ ਉਹ ਜਰਜਰਾ ਹੋ ਕੇ ਢਹਿ ਪਿਆ ਇਹ ਉਸ ਦੀ ਤਕੜੀ ਆਤਮਾ ਦੀ ਹਿਮਤ ਸੀ ਕਿ ਉਹ ਅੰਤ ਤੱਕ ਸਰੀਰ ਨੂੰ ਵਰਤਦਾ ਰਿਹਾ।

ਪੰਛੀਆਂ ਨੇ ਜਾਣਾ ਹੀ ਜਾਣਾ ਹੈ। ਸਰਵਰਾਂ ਨੇ ਸੁਕਣਾ ਹੀ ਸੁਕਣਾ ਹੈ ਅਤੇ ਕਮਲਾਂ ਨੇ ਕੁਮਲਾਣਾ ਹੀ ਹੈ ਪਰ ਯਾਦਾਂ ਤਾਂ ਜ਼ਿੰਦਾ ਰਹਿ ਹੀ ਜਾਂਦੀਆਂ ਹਨ। ਇਹ ਮੁੜ ਮੁੜ ਆਉਂਦੀਆਂ ਹਨ, ਕਿਹੜੇ ਦੇਸੋਂ ਕਿਹੜੇ ਖੰਭਾ ਨਾਲ ਪਤਾ ਨਹੀਂ ।

—ਜਗਦੀਸ਼ ਸਿੰਘ ਵਰਿਆਮ

ਪਿਛਲੇ ਅੰਕ ਦੇ ਸੰਪਾਦਕੀ ਸਫੇ ਉਤੇ ਅਸੀਂ ਚੱਪੇ ਕੁ ਥਾਂ ਵਿਚ 'ਸਮਸਿਆ ਟ੍ਰੈਫਿਕ ਦੀ' ਦਾ ਜ਼ਿਕਰ ਕੀਤਾ ਸੀ। ਦਰ ਅਸਲ ਇਹ ਬਹੁਤ ਵਡਾ ਮਜ਼ਮੂਨ ਹੀ ਨਹੀਂ ਸਗੋਂ ਅਹਿਮ ਮਸਲਾ ਹੈ, ਇਕ ਕਿਤਾਬ ਦੇ ਆਕਾਰ ਦਾ। ਦਿੱਲੀ ਵਿਚ ਮੀਡੀਆ ਦੀ ਕਿਰਪਾ ਨਾਲ ਸੁਣਦੇ ਹਾਂ ਕੋਈ ਬਲਿਊ ਲਾਈਨ ਬੱਸਾਂ ਹਨ ਜੋ ਨਿਤ ਬੰਦੇ ਮਾਰਦੀਆਂ ਰਹਿੰਦੀਆਂ ਹਨ। ਅਸੀਂ ਉਪਰ ਸ. ਦਲਬੀਰ ਸਿੰਘ ਦੀ ਮੌਤ ਦਾ ਜ਼ਿਕਰ ਕੀਤਾ ਹੈ ਪਰ ਇਕ ਹੋਰ ਬੀਬਾ ਤੇ ਮਿਹਨਤੀ ਇਨਸਾਨ ਅਤੇ ਦਲਬੀਰ ਦਾ ਹਮ ਪੇਸ਼ਾ ਅਤੇ ਦਲਬੀਰ ਵਾਲੇ ਅਦਾਰੇ ਪੰਜਾਬੀ ਟਰਿਬਿਊਨ ਵਿਚ ਹੀ ਕਾਰਜਰਤ ਨੌਜਵਾਨ ਨਰਿੰਦਰ ਸਿੰਘ ਭੁੱਲਰ ਦਾ ਜਵਾਨ ਉਮਰ ਵਿਚ ਦੇਹਾਂਤ ਹੋ ਗਿਆ ਹੈ। ਕੁਦਰਤੀ ਮੌਤ ਨਾਲ ਨਹੀਂ ਸਗੋਂ ਇਹ ਮੌਤ ਟਰੈਫਿਕ ਦੀ ਸਮਸਿਆ ਕਰ ਕੇ ਆਈ। ਇਕ ਟਰੱਕ ਨਰਿੰਦਰ ਘਰ ਦੇ ਲਾਗੇ ਆ ਨੇ ਜੀਵਨ ਲੀਲਾ ਖ਼ਤਮ ਕਰ ਗਿਆ। ਇਕ ਬਹੁਤ ਕੀਮਤੀ ਇਨਸਾਨ ਇਕ ਮਸ਼ਹੂਰ ਅਖ਼ਬਾਰ ਦਾ ਬੰਦਾ ਖ਼ਤਮ। ਸ਼ਰਧਾਂਜਲੀ ਸਮਾਗਮ ਹੋ ਜਾਣੇ ਹਨ ਅਤੇ ਲੇਖ ਵੀ ਛੱਪ ਹੀ ਜਾਣੇ ਹਨ ਪਰ ਟ੍ਰੈਫਿਕ ਦੀ ਭਿਆਨਕ ਸਮਸਿਆ ਨੂੰ ਕੋਈ ਸਰਕਾਰ ਕੋਈ ਅਦਾਰਾ ਹੱਥ ਪਾਵੇਗਾ ਅਜੇ ਦਿਸਦਾ ਨਹੀਂ। ਅੱਜ ਦਾ ਇਨਸਾਨ ਆਪਣੀ ਸਿਰਜੀ ਤਰੱਕੀ ਤੋਂ ਕਿੰਨਾ ਪਰੇਸ਼ਾਨ ਹੈ, ਕਿੰਨਾ ਮਜਬੂਰ ਹੈ। ਇਸਦਾ ਅੰਦਾਜ਼ਾ ਦੇਸ਼ ਦੇ ਕਰਨਕਾਰਨਹਾਰ ਨਹੀਂ ਲਗਾ ਸਕਦੇ ਅਤੇ ਨਾ ਹੀ ਉਹਨਾਂ ਕੋਲ ਵਿਹਲ ਹੈ। ਉਹਨਾਂ ਸਾਹਮਣੇ ਤਾਂ ਹੋਰ ਮਸਲੇ ਹਨ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

# ਗੁਰੂ ਕਾ ਲਾਡਲਾ ਸਪੂਤ— ਸੂਬਾ ਸਾਹਿਬ ਸਿੰਘ

—ਸੁਵਰਨ ਸਿੰਘ ਵਿਰਕ

"ਧੰਨ ਗੁਰੂ ਰਾਮ ਸਿੰਘ, ਜੱਗ ਦਾ ਉਧਾਰ ਕੀਆ,
ਤੀਨ ਲੋਕ ਤਾਰ, ਦੂਰ ਕੀਏ ਸਭ ਦੁੱਖ ਜੀ।
ਗੁਰੂ ਰਾਮ ਸਿੰਘ ਨਾਮ ਲਏ, ਤੀਨ ਲੋਕ ਪਾਰ ਪਏ,
ਧ੍ਰਿਗ ਜਨਮ ਓਸਦਾ, ਜੋ ਆਖਦੇ ਮਨੁੱਖ ਜੀ।
ਸੰਗਤਾਂ ਬਣਾਈਆਂ, ਗੁਰੂ ਰਾਮ ਸਿੰਘ ਚਾਰ ਤਰਫ,
ਸਾਹਿਬ ਸਿੰਘ ਲਾਡਲਾ, ਸਪੂਤ ਜਾ ਕੋ ਸੁੱਤ ਜੀ।
ਮਨ ਤਨ ਸੀਤਲ ਬਣਾਇਆ ਗੁਰੂ ਰਾਮ ਸਿੰਘ,
ਨਾਮ ਦੇ ਆਧਾਰ ਸੇ ਅਘਾਏ ਸਭ ਦੁੱਖ ਜੀ।"

—ਭਾਈ ਖਜ਼ਾਨ ਸਿੰਘ

ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਜ਼ਿਕਰ ਆਉਂਦਾ ਹੈ ਕਿ ਉਪਰੋਕਤ ਕਬਿੱਤ ਇਕ ਹੋਰ ਕਬਿੱਤ ਸਮੇਤ, ਭਾਈ ਖਜਾਨ ਸਿੰਘ ਰਾਗੀ ਰਚਿਤ ਸੀ।[1] ਜ਼ਾਹਿਰ ਹੈ ਕਿ ਇਹ ਖਜ਼ਾਨ ਸਿੰਘ, ਰਾਗੀ ਜੋੜੀ ਦਰਸ਼ਨ ਸਿੰਘ ਖਜ਼ਾਨ ਸਿੰਘ ਭਕਨੇ ਵਾਲਿਆਂ ਤੋਂ ਵਾਹਵਾ ਪਹਿਲਾਂ ਹੋਏ ਹਨ। ਹੋ ਸਕਦਾ ਹੈ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮਕਾਲੀ ਹੋਣ ਤਾਂ ਹੀ ਤੇ ਉਹਨਾਂ ਨੇ ਸੂਬਾ ਸਾਹਿਬ ਸਿੰਘ ਦੇ ਬੁਲੰਦ ਰੁਤਬੇ ਨੂੰ ਵੇਖ ਕੇ— 'ਸਾਹਿਬ ਸਿੰਘ ਲਾਡਲਾ-ਸਪੂਤ ਜਾ ਕੋ ਸੁੱਤ ਜੀ'— ਕਿਹਾ ਹੋਵੇ। ਉਂਞ ਤੇ ਸਿੱਖ ਸਾਰੇ ਹੀ ਗੁਰੂ ਦੇ ਪੁੱਤਰ ਹੀ ਹੁੰਦੇ ਹਨ ਪਰ ਕਿਸੇ ਕਿਸੇ ਤੇ ਵਿਸ਼ੇਸ਼ ਕ੍ਰਿਪਾ ਹੋ ਜਾਂਦੀ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰਆਂ ਪੁੱਤਰਾਂ ਦੇ ਬਲੀਦਾਨ ਦੀ ਇਸੇ ਸੰਦਰਭ ਵਿਚ ਸਾਡੇ ਪਹਿਲੇ ਸਿੱਖ ਇਤਿਹਾਸਕਾਰ ਭਾਈ ਰਤਨ ਸਿੰਘ ਭੰਗੂ ਨੇ ਬੜੀ ਸ਼ਾਨਦਾਰ ਵਿਆਖਿਆ ਕੀਤੀ ਹੈ। ਇਸ ਸੁਆਲ ਦੇ ਜੁਆਬ ਵਿਚ ਕਿ ਦਸ਼ਮੇਸ਼ ਜੀ ਨੇ ਅੰਸ਼ ਕਿਉਂ ਨਾ ਰੱਖੀ, ਲਿਖਦੇ ਹਨ:
"ਪੁੱਤਰ ਚਾਰੇ ਦਏ ਅੰਖਾਈ। ਪੰਥ ਖਾਤਰ ਨਿਜ ਅੰਸ ਗਵਾਈ।੩।

---

ਅਪਨੇ ਅੰਸਹਿ ਹੋਤਿ ਢਿਗ, ਪਰ ਅੰਸਹਿ ਬਢਤਿ ਨ ਹੇਤ।
ਭੂਮ ਪੁੱਤ੍ਰ ਜਿਹ ਘਾਸ ਹ੍ਵੈ, ਨਹਿ ਹੋਇ ਅੰਨ ਤਿਹ ਖੇਤ।੧੦।"[2]

ਭਾਈ ਸਾਹਿਬ ਲਿਖਦੇ ਹਨ ਕਿ ਜੇ ਖੇਤ ਵਿਚ ਘਾਹ ਆਦਿਕ ਨਦੀਣ ਪੈਦਾ ਹੋ ਜਾਣਗੇ ਤਾਂ ਅਨਾਜ ਕਿਵੇਂ ਪੈਦਾ ਹੋਏਗਾ। ਦੂਜਾ ਆਪਣੀ ਉਲਾਦ ਦੇ ਹੁੰਦਿਆਂ ਦੂਜਿਆਂ ਨਾਲ ਸਮਾਨ ਵਿਉਹਾਰ ਕਈ ਵੇਰ ਅੜਚਣਾਂ ਪੈਦਾ ਕਰਦਾ ਹੈ। ਸਾਡੇ ਨਾਮਧਾਰੀ ਇਤਿਹਾਸ ਦੇ ਪਹਿਲੇ ਵਾਰਤਕ ਪੁਸਤਕ 'ਸਤਿਗੁਰੂ ਬਿਲਾਸ" ਭਾਗ ਪਹਿਲਾ ਵਿਚ ਭਾਈ ਸੰਤੋਖ ਸਿੰਘ ਬਾਹੋਵਾਲ, ਜਦੋਂ ਗੁਰੂ ਮਹਿਲ ਮਾਤਾ ਜੱਸਾਂ ਪੁੱਤਰ ਪ੍ਰਾਪਤੀ ਦੀ ਅਰਜੋਈ ਕਰਦੀ ਹੈ ਤਾਂ ਲਿਖਦੇ ਹਨ "ਜੇ ਲੜਕਾ ਹੁੰਦਾ ਤਾਂ ਬੜਾ ਦੁੱਖ ਪਾਉਂਦੀ। ਉਸਨੇ ਤੇਰਾ ਬਚਨ ਨਹੀਂ ਸੀ ਮੰਨਣਾ। ਘਟਿਆਂ ਪੁਰਖਾਂ ਕਾ ਸੰਗ ਕਰਨਾ ਸੀ। ਅਸੀਂ ਉਸਕੋ ਕੈਹਣਾ ਸੀ, ਉਸਨੇ ਮੰਨਣਾ ਨਹੀਂ ਸੀ। ਸਗੋਂ ਹੋਰ ਦੁਖ ਖੜਾ ਹੋਇ ਜਾਣਾ ਸੀ। ਹੁਣ ਖਾਲਸਾ ਸਾਡਾ ਬਚਨ ਮੰਨਦਾ ਹੈ ਜਿਵੇਂ ਅਸੀਂ ਆਖਦੇ ਹਾਂ। ਏਹ ਸਾਡੇ ਪੁੱਤਰ ਹੈਨ। ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ ਖ਼ਾਲਸਾ ਦੇਵੇਗਾ।"[3] ਇਸ ਤੋਂ ਪਹਿਲਾਂ ਆਪਣੇ ਇਕਲੌਤੇ ਲੜਕੇ ਦੇ ੧੮੪੫-੪੬ ਈ. ਵਿਚ ਛੋਟੀ ਉਮਰੇ ਕਾਲਵੱਸ ਹੋਣ ਤੇ ਮਾਮੀ ਰਾਮੀ ਲੁਧਿਆਣੇ ਵਾਲੀ ਨੂੰ ਫੁਰਮਾਇਆ ਸੀ "ਨਾਦੀ ਖ਼ਾਲਸਾ ਪੈਦਾ ਕਰਾਂਗੇ। ਬਿੰਦੀ ਨਹੀਂ ਰੱਖਣਾ ਹੈ। ਨਾਦੀ ਪੁੱਤਰ ਬਥੇਰੇ ਹੋਇ ਜਾਣਗੇ।"[4]

ਸੋ ਸਾਰੇ ਨਾਮਧਾਰੀ ਸੰਤ ਖਾਲਸੇ ਵਿਚੋਂ ਜਿਸਨੂੰ ਸਮਕਾਲੀ ਕਵੀ ਜਾਂ ਰਾਗੀ ਸਿੰਘ ਨੇ 'ਲਾਡਲਾ ਸਪੂਤ' ਲਿਖਿਆ ਸੀ ਉਹ ਕਿਹੋ ਜਿਹਾ ਹੋਏਗਾ ? ਉਸਨੂੰ ਵਕਤ ਦੇ ਅੰਗਰੇਜ਼ ਹਾਕਮ ਸਤਿਗੁਰੂ ਰਾਮ ਸਿੰਘ ਜੀ ਦਾ ਸਿਆਸੀ ਉਤਰਾਧਿਕਾਰੀ ਲਿਖਦੇ ਹਨ। ਉਸ ਦੀ ਬੋਲਚਾਲ, ਤੀਖਣ ਬੁੱਧੀ, ਮੌਕੇ ਤੇ ਫੈਸਲੇ ਲੈਣ ਦੀ ਜੁਰਅਤ, ਦਲੇਰੀ, ਨਿਰਭੈਤਾ, ਅਡੋਲਤਾ, ਸੰਜਮੀ ਅਤੇ ਸਿਰੜੀ ਜੀਵਨ, ਸਤ੍ਰਿਗੁਰੂ ਜੀ ਅਤੇ ਉਹਨਾਂ ਦੁਆਰਾ ਵਿੱਢੇ ਕੌਮੀ ਮੁਕਤੀ ਸੰਗਰਾਮ ਪ੍ਰਤੀ ਮੁਕੰਮਲ ਸਮਰਪਣ ਦੀ ਭਾਵਨਾ, ਦੂਰ ਅੰਦੇਸ਼ੀ, ਵੈਰੀ ਦੀਆਂ ਸਾਰੀਆਂ ਚਾਲਾਂ ਦਾ ਜੁਆਬ ਦੇਣ ਲਈ ਨਵੀਂ ਵਿਉਹ ਰਚਨਾ ਕਰ ਲੈਣਾ, ਕਸ਼ਟਾਂ ਦੀ ਕੁਠਾਲੀ ਵਿਚ ਦੇਹੀ ਨੂੰ ਢਾਲ ਕੇ ਕੁੰਦਨ, ਬਣਨ ਦੀ ਸਮਰਥਾ ਨੇ, ਉਸ ਨੂੰ ਕੂਕਾ ਅੰਦੋਲਨ ਦਾ ਅਮਰ ਨਾਇਕ ਬਣਾ ਦਿੱਤਾ ਹੈ। ਉਹ ਉਹਨਾਂ ਸੂਰਬੀਰਾਂ ਅਤੇ ਸੰਗਰਾਮੀਆਂ ਵਿਚੋਂ ਹੈ, ਜੋ ਆਪਣੇ ਛੋਟੇਰੇ ਜੀਵਨ ਕਾਲ ਵਿਚ ਵੀ ਵੱਡੀਆਂ ਪ੍ਰਾਪਤੀਆਂ ਕਰਕੇ, ਇਤਿਹਾਸ ਦੀ ਹਿੱਕੜੀ ਤੇ ਆਪਣੀਆਂ ਪੈੜਾਂ ਸਦੀਵ ਕਾਲ ਲਈ ਅੰਕਿਤ ਕਰ ਜਾਂਦੇ ਹਨ। ਮਨੁੱਖੀ ਮੁਕਤੀ ਯੁੱਧ ਵਿਚ



Namdhari Elibrary NamdhariElibrary@gmail.com

ਉਹਨਾਂ ਦੁਆਰਾ ਪਾਇਆ ਯੋਗਦਾਨ, ਉਹਨਾਂ ਨੂੰ ਸਮੇਂ ਸਥਾਨ ਅਤੇ ਦੇਸ਼ ਕਾਲ ਦੇ ਬੰਧਨਾਂ ਤੋਂ ਵੀ ਉਪਰ ਉਠਾ ਕੇ ਵਿਸ਼ਵ ਇਤਿਹਾਸ ਦੇ ਪੰਨਿਆਂ ਤੇ ਚਮਕਣ ਵਾਲੇ ਨਾਵਾਂ ਦੀ ਸੂਚੀ ਵਿਚ ਦਾਖਲ ਕਰ ਦਿੰਦਾ ਹੈ। ਉਹਨਾਂ ਦਾ ਜੀਵਨ ਕੁਤਬ ਤਾਰੇ ਜਿਉਂ ਬੇਯਕੀਨੀ ਦੀਆਂ ਹਾਲਤਾਂ ਵਾਲੀਆਂ ਰਾਤਾਂ ਵਿਚ ਮਾਰਗ ਦਰਸ਼ਕ ਬਣ ਜਾਂਦਾ ਹੈ। ਉਹਨਾਂ ਦੀ ਕੀਰਤੀ, ਕੌਮਾਂ ਨੂੰ ਆਪਣੇ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਦੀ ਤਰਾਸਦਿਕ ਸਥਿਤੀ ਵਿਚੋਂ ਉਭਾਰਨ ਦੀ, ਇਕ ਸ਼ਕਤੀਸ਼ਾਲੀ ਵਾਹਕ ਬਣਦੀ ਹੈ। ਉਹ ਮਨੁੱਖੀ ਬਰਕਤਾਂ ਦਾ ਮੁਜੱਸਮਾ ਬਣ ਕੇ ਇਨਸਾਨੀ ਸਮਰੱਥਾਵਾਂ ਦੀ ਬੇਪਨਾਹ ਬੁਲੰਦੀ ਦੇ ਦਰਸ਼ਨ ਕਰਵਾਉਂਦੇ ਹਨ। ਉਹਨਾਂ ਦੇ ਪੈਰਾਂ ਵਿਚ ਧਰਤੀ ਦੀ ਤੋਰ, ਸੀਨਿਆਂ ਵਿਚ ਸਾਗਰਾਂ ਦਾ ਜੋਸ਼, ਹੱਥਾਂ ਵਿਚ ਪੌਣਾਂ ਦੀ ਫੁਰਤੀ ਨੇਤਰਾਂ ਵਿਚ ਚੜ੍ਹਦੇ ਸੂਰਜ ਦੀ ਚਮਕ ਅਤੇ ਮੱਥੇ ਵਿਚ ਦ੍ਰਿੜ ਵਿਸ਼ਵਾਸਾਂ ਦੇ ਦੀਪਕ ਜਗਮਗਾਉਂਦੇ ਹਨ। ਉਹ ਸਾਧਾਰਨ ਜਨਾਂ ਵਿਚੋਂ ਹੁੰਦਿਆਂ ਵੀ, ਲਹਿਰਾਂ ਦੇ ਕੰਧਾੜਿਆਂ ਤੇ ਚੜ੍ਹਕੇ ਅਸਧਾਰਨ ਕਾਰੇ ਕਰ ਜਾਂਦੇ ਹਨ। ਚਰਿੱਤਰ ਦੇ ਇਹਨਾਂ ਮੀਰੀ ਗੁਣਾਂ ਕਾਰਨ ਹੀ, ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ ਜੀ ਦਾ "ਲਾਡਲਾ ਸਪੂਤ" ਅਖਵਾਉਣ ਦਾ ਸ਼ਰਫ ਸੂਬਾ ਸਾਹਿਬ ਸਿੰਘ ਜੀ ਦੇ ਹਿੱਸੇ ਆਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਰੋਕਤ ਉਪਦੇਸ਼ ਵਿਚ ਸੂਬਾ ਜੀ ਬਾਰੇ ਮੁੱਢਲੀ ਜਾਣਕਾਰੀ ਇਉਂ ਦਰਜ ਹੈ— "ਸਾਹਿਬ ਸਿੰਘ ਜੀ ਜਿਹੜੇ ਸਤਿਗੁਰਾਂ ਦੇ ਪਾਸ ਰਹਿਣ ਵਾਲੇ ਖਾਸ ਸੂਬਿਆਂ ਵਿਚੋਂ ਸਨ, ਜਿਨ੍ਹਾਂ ਉਤੇ ਬਹੁਤ ਕਿਰਪਾ ਸੀ। ਬਾਬਾ ਜੱਸਾ ਸਿੰਘ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੂਜਯ ਪਿਤਾ ਸੀ), ਜਿਨ੍ਹਾਂ ਨੂੰ ਬਹੁਤ ਪਿਆਰ ਕਰਦੇ ਸੀ। ਬਾਬਾ ਜੀ ਦਾ ਜਨਮ ਬਰਮਾਲੀ ਪੁਰ ਪਿੰਡ (ਆਮ ਬੋਲਚਾਲ ਵਿਚ ਬੰਗਾਲੀ ਪੁਰ ਕਿਹਾ ਜਾਂਦਾ ਹੈ......ਸ.ਸ. ਵਿਰਕ), ਜ਼ਿਲ੍ਹੇ ਅੰਮ੍ਰਿਤਸਰ (ਹੁਣ ਤਰਨ ਤਾਰਨ) ਦਾ ਸੀ। ਜਿਹੜੀ ਤਿੰਨਾ ਘੋੜੀਆਂ ਵਾਲੀ ਤਸਵੀਰ ਹੈ... ਦਰਮਿਆਨ ਦੀ ਤਸਵੀਰ ਬਾਬਾ ਜੀ ਦੀ ਹੈ, ਜਿਨ੍ਹਾਂ, ਦਾ ਇਓਂ ਹੱਥ ਕੀਤਾ ਹੋਇਆ।........ ਤਾਂ ਉਹ (ਭਾਈ ਖਜਾਨ ਸਿੰਘ ਰਾਗੀ) ਇਉਂ ਉਸ ਵੇਲੇ ਕਹਿੰਦੇ ਸੀ— ਬਈ ਸਤਿਗੁਰਾਂ ਦੇ ਪੁੱਤਰ ਹਨ, ਬਾਬਾ ਸਾਹਿਬ ਸਿੰਘ ਜੀ। ਕੁੰਜੀਆਂ ਉਹਨਾਂ ਕੋਲ ਸੀਆਂ। ਗੌਰਮਿੰਟ ਦੇ ਕਾਗਜ਼ਾਂ ਵਿਚ ਵੀ ਇਹ ਲਫਜ਼ ਆਏ ਹਨ ਕਿ ਇਹ ਆਦਮੀ ਜਿਹੜਾ ਹੈ, ਇਹਦੇ ਦਿਲ ਦਾ ਭੇਦ ਨਹੀਂ ਸਮਝਿਆ ਜਾ ਸਕਦਾ।"[5]

ਇਹ ਤਿੰਨਾਂ ਘੋੜੀਆਂ ਵਾਲੀ ਤਸਵੀਰ ਲੁਧਿਆਣਾ ਦੇ ਸਤਿਗੁਰੂ ਜੀ ਦੇ ਸਮਕਾਲੀ ਮੁਸੱਵਰ ਵਜ਼ੀਰ ਅਲੀ ਦੀ ਬਣਾਈ ਹੋਈ ਸੀ ਜਿਸ ਵਿਚ ਸਤਿਗੁਰੂ ਜੀ ਦੇ ਸਾਂਹਵੇਂ ਸਲੋਤਰਾਂ ਵਾਲੇ ਪੈਦਲ ਸ਼ਹੀਦ ਸਿੰਘ, ਹੀਰਾ ਸਿੰਘ ਲਹਿਣਾ ਸਿੰਘ ਆਦਿ ਛੇ ਸਿੰਘਾਂ ਦਾ ਮਸਤਾਨਾ ਦਲ ਹੈ ਅਤੇ ਸੂਬਾ ਸਾਹਿਬ ਸਿੰਘ ਤੋਂ ਇਲਾਵਾ ਸੂਬਾ ਲੱਖਾਂ ਸਿੰਘ ਜੀ ਹਨ। ਸੂਬਾ ਜੀ ਦੇ ਹੱਥ ਦੇ ਇਸ਼ਾਰੇ ਦਾ ਭਾਵ ਹੈ ਕਿ ਉਹ ਕਿਸੇ ਜਗਿਆਸੂ ਨੂੰ ਸਤਿਗੁਰੂ ਜੀ ਬਾਰੇ ਜਾਣਕਾਰੀ ਦੇ ਰਹੇ ਹਨ।

ਜੇ. ਡਬਲਯੂ. ਮੈਕਨਬ ਜੋ ਪਿਛਲੇ ਵਰ੍ਹੇ ਤੱਕ ਅੰਬਾਲੇ ਦਾ ਕਾਰਜਕਾਰੀ ਕਮਿਸ਼ਨਰ ਸੀ ਅਤੇ ਹੁਣ ਭਾਰਤ ਸਰਕਾਰ ਨੇ ਅਪਰੈਲ ੧੮੭੨ ਈ. ਵਿਚ ਉਸ ਨੂੰ ਨਜ਼ਰਬੰਦ ਕੂਕੇ ਸੂਬਿਆਂ ਦੇ ਅਲਾਹਬਾਦ ਕਿਲੇ ਵਿਚ ਬਿਆਨ ਲੈ ਕੇ ਉਹਨਾਂ ਦੀ ਤਕਦੀਰ ਬਾਰੇ ਸਿਫਾਰਸ਼ਾਂ ਕਰਨ ਦਾ ਅਧਿਕਾਰ ਦਿੱਤਾ ਸੀ। ਸਾਹਿਬ ਸਿੰਘ ਹੋਰਾਂ ਦੇ ਮੈਕਨਬ ਸਾਹਮਣੇ ਦਿੱਤੇ ਬਿਆਨ ਮੁਤਾਬਿਕ ਉਹਨਾਂ ਦਾ ਜਨਮ ੧੮੩੪ ਈ. ਦਾ ਹੈ ਪਿਤਾ ਦਾ ਨਾਮ ਦਿਆਲ ਸਿੰਘ ਪਿੰਡ ਇਥੇ ਬਨਵਾਲੀ ਪੁਰ, ਤਰਨ ਤਾਰਨ, ਅੰਮ੍ਰਿਤਸਰ ਲਿਖਿਆ ਮਿਲਦਾ ਹੈ। ਉਹ ਰਾਮਗੜ੍ਹੀਆ ਸਿੱਖ ਜਾਤੀ ਵਿਚੋਂ ਸਨ। ਉਹਨਾਂ ਦੇ ਦੱਸਣ ਮੁਤਾਬਿਕ ਨਾਮ ਦੀ ਦਾਤ ਲੈ ਕੇ ਨਾਮਧਾਰੀ, ਉਹ ਹਜਰੋਂ ਨਿਵਾਸੀ ਗੁਰੂ ਬਾਲਕ ਸਿੰਘ ਜੀ ਤੋਂ ੧੮੫੯ ਈ. ਵਿਚ ਬਣਿਆ ਸੀ, ਜੋ ਤਿੰਨ ਸਾਲ ਬਾਅਦ ਦੇਹ ਦਾ ਉਹਲਾ ਕਰ ਗਏ ਸਨ। ਉਸ ਦੇ ਦੋ ਹੋਰ ਭਾਈ ਸਨ ਹੀਰਾ ਸਿੰਘ ਅਤੇ ਰੂੜ ਸਿੰਘ। ਰੂੜ ਸਿੰਘ ਆਪ ਤੋਂ ਤਿੰਨ ਵਰ੍ਹੇ ਵੱਡਾ ਸੀ। ਉਹ ਵਿਆਹਿਆ ਵਰ੍ਹਿਆ ਸੀ ਅਤੇ ਅੰਮ੍ਰਿਤਸਰ ਸਾਹਿਬ ਵਿਚ ਨਿਵਾਸ ਰਖਦਾ ਸੀ ਜਿਸਨੂੰ ੧੮੬੦ ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਥਾਪਿਆ ਸੀ। ਸੰਨ ੧੮੫੯-੬੦ ਈ. ਵਿਚ ਹੀ ਸਾਹਿਬ ਸਿੰਘ ਭੈਣੀ ਸਾਹਿਬ ਸਤਿਗੁਰੂ ਜੀ ਪਾਸ ਪੁੱਜਦਾ ਹੈ। ਇੱਥੇ ਆਉਣ ਤੋਂ ਪਹਿਲਾਂ ਉਹ ਤਕਰੀਬਨ ਨੌ ਸਾਲ ਉਦਾਸੀ ਸਾਧੂ ਦੇ ਰੂਪ ਵਿਚ ਦੇਸਾਟਨ ਕਰਦਾ ਰਿਹਾ ਅਤੇ ਇਉਂ ਗ੍ਰਹਿਸਤ ਮਾਰਗ ਤੋਂ ਵਿਰਕਤ ਹੀ ਰਿਹਾ ਫਿਰ ਉਸ ਦੇ ਹੋਰ ਵਡੇਰੇ ਮਿਸ਼ਨ, ਦੇਸ਼ ਦਾ ਸੁਤੰਤਰਤਾ ਸੰਗਰਾਮ ਅਤੇ ਕੂਕਾ ਜਥੇਬੰਦੀ ਦੇ ਸੰਗਠਨ ਨੇ ਉਸ ਨੂੰ ਬਿਹੰਗਮ ਜੀਵਨ ਤੋਂ ਇਲਾਵਾ ਹੋਰ ਕੁਝ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਸਾਡਾ ਪਹਿਲਾ ਇਤਿਹਾਸਕਾਰ ਉਸ ਦੇ ਭੈਣੀ ਸਾਹਿਬ ਆਉਣ ਨੂੰ ਇਕ ਪੌਰਾਣਿਕ ਸਾਖੀ ਨਾਲ ਜੋੜ ਕੇ ਉਸਨੂੰ ਸਤਿਗੁਰੂ ਜੀ ਦਾ ਆਦਿ ਜੁਗਾਦੀ ਮਿਤਰ ਜਾਂ ਸੰਗੀ ਸਖਾ ਲਿਖੋ ਕੇ ਇਉਂ



Namdhari Elibrary NamdhariElibrary@gmail.com

ਵਡਿਆਉਂਦਾ ਹੈ....... "ਬਾਬਾ ਸਾਹਿਬ ਸਿੰਘ ਜੀ ਆਇਆ ਕਹਿਣ ਲੱਗਾ ਜੀ ਮੇਰੇ ਏਥੇ ਰਹਿਣ ਦਾ ਸੰਕਲਪ ਹੈ। ਮੇਸਾਂ ਚਾਰ ਲਿਆਇਆ ਕਰਾਂਗਾ। ਗੁਰੂ ਜੀ ਕਿਹਾ ਚੰਗਾ। ਰਹਿਣੇ ਲੱਗਾ। ਫੇਰ ਵਿੱਦਿਆ ਪੜ੍ਹਾਉਣੇ ਲਗਾ ਮੁੰਡਿਆਂ ਨੂੰ। ਸਤਿਗੁਰੂ ਜੀ ਬਚਨ ਕੀਤਾਂ ਪਹਿਲੇ ਮੈਂ ਆਪਣੇ ਹੱਥੀਂ ਸੇਵਾ ਕਰਦਾ ਹੁੰਦਾ ਸਾਂ। ਜਾਂ ਮੈਂ ਅੱਠ ਬਰਸਾਂ ਕਾ ਸੀ ਤਾਂ ਮੈਂ ਮ੍ਰੇਸਾਂ ਚਾਰਨ ਜਾਂਦਾ ਹੁੰਦਾ ਸੀ। ਮੈਂ ਆਪਣੇ ਹੱਥੀਂ ਸੇਵਾ ਕੀਤੀ ਹੈ ਤਾਂ ਅੱਗੇ ਹੁਣ ਸੇਵਾ ਕਰਨ ਵਾਲੇ ਹਾਜ਼ਰ ਆਣ ਹੋਏ ਹੈਂ।.... ਲੰਕਾ ਜਦ ਡੰਕਾ ਬਜਾ ਕੇ ਫਤੇ ਕੀਤੀ ਸੀ ਤਾਂ ਹਨੂਮਾਨ ਜੀ ਵਰ ਮੰਗਿਆ ਸੀ ਕਿ ਜੇ ਮਾਤ ਲੋਕ ਮੈਂ ਆਵੋਂ ਤਾਂ ਨਾਲ ਹੀ ਆਈਏ, ਜੇ ਬੈਕੁੰਠ ਮੈਂ ਜ਼ਾਵੋਂ ਤਾਂ ਨਾਲ ਹੀ ਜਾਈਏ। ਤਿੰਨਾਂ ਕੋ ਪੈਦਾ ਕਰਨ ਲੱਗੇ ਹਾਂ।"[੬]

ਇਸ ਸਮੇਂ ਸਤਿਗੁਰੂ ਜੀ ਦੁਆਬੇ ਤੋਂ ਲੁਧਿਆਣੇ ਨੂੰ ਆ ਕੇ ਮਾਮੀ ਦੇ ਘਰੋਂ ਪਰਸ਼ਾਦਾ ਛਕ ਕੇ ਦਰਿਆ ਤੇ ਬਿਰਾਜ ਕੇ ਸੁਬਾਹ ਭੈਣੀ ਸਾਹਿਬ ਨੂੰ ਤੁਰੇ ਤਾਂ ਇਕ ਫੰਧਕ ਨੇ ਪੰਛੀ ਫੜੇ ਹੋਏ ਸਨ। ਸਾਹਿਬ ਸਿੰਘ ਨੂੰ ਹੁਕਮ ਦੇ ਕੇ ਫੰਦਕ ਨੂੰ ਕੁਝ ਮਾਇਆ ਦਿੱਤੀ ਅਤੇ ਉਸ ਤੋਂ ਪੰਛੀ ਮੁਕਤ ਕਰਵਾਏ।

ਅਪ੍ਰੈਲ ੧੯੬੧ ਈ. ਵਿਚ ਹਰਦੁਆਰ ਅਰਧ ਕੁੰਭੀ ਦੇ ਮੇਲੇ ਤੇ ਸ੍ਰੀ ਸਤਿਗੁਰੂ ਜੀ ਸਾਹਿਬ ਸਿੰਘ ਅਤੇ ਹੋਰ ਨਿਕਟ ਵਰਤੀਆਂ ਸਮੇਤ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਪਹੁੰਚਦੇ ਹਨ। ਇਸ ਫੇਰੀ ਸਮੇਂ ਬਾਹੋਵਾਲ ਜੀ ਨੇ ਆਪਦੇ ਬਹੁਤ ਸਾਰੇ ਬਚਨ ਸਾਖੀਆਂ ਕੋਤਲ ਦਰਜ ਕੀਤੇ ਹਨ, ਜਿਹਨਾਂ ਦਾ ਮਕਸਦ ਗਿਆਨੀ ਵਿਹੂਣੀ, ਅੰਧੀ ਰਈਅਤ ਨੂੰ ਸੁਮਾਰਗ ਦੀ ਸੋਝੀ ਕਰਵਾਉਣੀ ਸੀ। ਆਪਣੇ ਸੇਵਕਾਂ ਨਾਲ ਗੁਰ ਸਿੱਖੀ ਵਾਲੇ ਸਬੰਧਾਂ ਨੂੰ ਹੋਰ ਵਧੇਰੇ ਬਲ ਬਖਸ਼ਣ ਲਈ ਉਹਨਾਂ ਨੂੰ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਸਿੱਖੀ ਮੰਡਲ ਨਾਲ ਜੋੜਨ ਲਈ, ਹਿੰਦੂ ਪੌਰਾਣਿਕ ਸਾਹਿਤ ਦੀ ਭਰਪੂਰ ਵਰਤੋਂ ਸਤਿਗੁਰੂ ਜੀ ਕਰਿਆ ਕਰਦੇ ਸਨ। ਉਹ ਮਨੁੱਖੀ ਮਨੋ ਵਿਗਿਆਨ ਦੇ ਮਰਮਗ ਸਨ ਕਿ ਆਦਮੀ ਬਹੁਤ ਸਮਾਂ ਮਿੱਥ ਵਿਚ ਵੀ ਅਨੰਦਿਤ ਮਹਿਸੂਸ ਕਰਦਾ ਹੈ। ਇਸੇ ਦੌਰੇ ਸਮੇਂ ਇਕ ਸਿੱਖਣੀ ਨੇ ਜੋ ਵਿਚਾਰੀ ਵਾਹਵਾ ਸਧਾਰਨ ਬੁੱਧ ਹੋਏਗੀ ਕਿਹਾ ਕਿ ਮੈਨੂੰ ਟੱਪਾ (ਭਜਨ) ਭੁੱਲ ਗਿਆ ਹੈ। ਸਤਿਗੁਰੂ ਜੀ ਉਸ ਤੇ ਕ੍ਰੋਧਿਤ ਹੋ ਗਏ ਤਾਂ ਪਾਸੋਂ ਸਾਹਿਬ ਸਿੰਘ ਦੇ ਕਹਿਣ ਤੇ ਕਿ "ਬਖਸ਼ਿਓ ਜੀ" ਬਾਹੋਵਾਲ ਦੇ ਸ਼ਬਦਾਂ ਵਿਚ "ਗੁਰੂ ਜੀ ਬਚਨ ਕੀਤਾ ਤੇਰਾ ਪਿਓ ਮਾਰਿਆ ਸੀ। ਅੰਗਦ ਤੇਰਾ ਨਾਮ ਸੀ।" ਤਦੋਂ ਤੁਸਾਂ ਵਰ ਮੰਗਿਆ ਸੀ ਕਿ ਜੁੱਗੋਂ ਜੁੱਗ ਨਾਲ ਰੱਖੀਂ। ਸੋ ਤੁਸੀਂ ਨਾਲ ਆਏ ਹੋ।"[੭]

ਸਤਿਗੁਰੂ ਜੀ ਦੇ ਹੁਕਮ ਤੇ ਸਾਹਿਬ ਸਿੰਘ ਆਪਣੇ ਤੋਂ ਦੂਣੇ ਲੋਕਾਂ ਨਾਲ ਵੀ ਭਿੜ ਜਾਂਦਾ ਸੀ। ਭੈਅ ਨਹੀਂ ਸੀ ਮੰਨਦਾ ਕਿਸੇ ਦਾ ਅਤੇ ਸਦਾ ਤਿਆਰ ਬਰ ਤਿਆਰ ਰਹਿੰਦਾ ਸੀ 'ਧਰਮ ਜੁੱਧ ਕੇ ਚਾਓ' ਵਿਚ। ਇਹੋ ਕਾਰਨ ਸੀ ਕਿ ਜਦੋਂ ਸ੍ਰੀ ਸਤਿਗੁਰੂ ਜੀ ਨੇ, ਨਾਮਧਾਰੀ ਸੰਤ ਖਾਲਸੇ ਦੀ ਪੁਨਰ ਸਿਰਜਨਾ ਬਾਅਦ, ਆਪਣੇ ਪੰਥ ਦੇ ਜਥੇ ਬੰਦਕ ਢਾਂਚੇ ਨੂੰ ਚੁਸਤ ਦਰੁਸਤ ਬਨਾਉਣ ਲਈ ਪਹਿਲੇ ਪੰਜ ਸੂਬਿਆਂ ਦੀ ਸਥਾਪਨਾ ਕੀਤੀ (ਸੂਬਿਆਂ ਦੇ ਅਲਾਹਾਬਾਦ ਕਿਲੇ ਵਿਖੇ ਅਪ੍ਰੈਲ ੧੯੭੨ ਈ. ਵਿਚ ਦਿਤੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਇਹਨਾਂ ਦੀ ਸਥਾਪਨਾ ੧੯੬੫ ਈ. ਵਿਚ ਹੋਈ) ਜਦੋਂ ਸ੍ਰੀ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਵਿਖੇ ਨਜ਼ਰਬੰਦ ਕੀਤਾ ਸੀ ਕਿ ਬਾਹਰ ਪਰਚਾਰ ਦੌਰੇ ਨਾ ਕਰ ਸੱਕਣ। ਪਹਿਲੇ ਪੰਜਾਂ ਵਿਚੋਂ ਕਾਹਨ ਸਿੰਘ, ਸੁੱਧ ਸਿੰਘ, ਜੁਆਹਰ ਸਿੰਘ ਤੋਂ ਬਾਅਦ ਹੀ ਲੱਖਾ ਸਿੰਘ ਅਤੇ ਸਾਹਿਬ ਸਿੰਘ ਨੂੰ ਥੋੜ੍ਹੇ-ਥੋੜ੍ਹੇ ਵਕਫੇ ਬਾਅਦ ਇਸ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੇ ਪਦ ਦੀ ਜ਼ਿੰਮੇਵਾਰੀ ਸਉਂਪੀ ਗਈ। ਪਹਿਲੇ ਉਪਰੋਕਤ ਪੰਜੇ ਸੂਬੇ ਵੀ ਸਰਕਾਰ ਨੇ ਮਨਾਹੀ ਦੇ ਹੁਕਮਾਂ ਹੇਠ ਲੈ ਆਂਦੇ ਅਤੇ ਫਿਰ ਸਤਿਗੁਰੂ ਜੀ ਨੇ ਸਤਾਰਾਂ ਹੋਰ ਸੂਬੇ ਥਾਪ ਦਿੱਤੇ। ਪਰ ਛੇਤੀ ਹੀ ਇਹਨਾਂ ਨੂੰ ਵੀ ਨਜ਼ਰਬੰਦੀ ਦੇ ਹੁਕਮ ਚਾੜ੍ਹਕੇ ਅੰਗ੍ਰੇਜ਼ ਅਧਿਕਾਰੀ ਮੈਕਨਬ" ਕਮਿਸ਼ਨਰ ਅੰਬਾਲਾ ਭੈਣੀ ਸਾਹਿਬ ਪੁੱਜਾ। ਸਤਿਗੁਰਾਂ ਨੂੰ ਪੁੱਛਿਆ ਕਿ– "ਆਪ ਨੂੰ ਨਜ਼ਰਬੰਦ ਕੀਤਾ ਤਾਂ ਆਪਨੇ ਪੰਜ ਸੂਬੇ ਥਾਪੇ। ਉਨ੍ਹਾਂ ਨੂੰ ਨਜ਼ਰਬੰਦ ਕਰਨ ਪਿੱਛੋਂ ੧੭ ਹੋਰ ਨੀਅਤ ਕੀਤੇ, ਅਸੀਂ ਉਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿੱਤਾ ਇਸ ਲਈ ਆਪ ਦੱਸੋ ਹੁਣ ਕੀ ਕਰੋਗੇ ? ਸਤਿਗੁਰੂ ਜੀ ਨੇ ਮਸਤਾਨਾ ਅੰਦਾਜ਼ ਵਿਚ ਕਿਹਾ ਕਿ ਹੁਣ ਮੈਂ ਘਰ ਘਰ ਵਿਚ ਰਾਮ ਸਿੰਘ ਪੈਦਾ ਕਰਾਂਗਾ।"[੮]

ਵੈਸੇ ਤਾਂ ਬਰਤਾਨਵੀ ਵਸਤਾਂ ਅਤੇ ਸੰਸਥਾਵਾਂ ਦੇ ਬਾਈਕਾਟ ਦਾ ਲਗਾਤਾਰ ਪ੍ਰਚਾਰ ਕੂਕੇ ਕਰ ਰਹੇ ਸਨ ਪਰ ਕੂਕਿਆਂ ਦਾ ਡਾਕ ਦਾ ਆਪਣਾ ਪ੍ਰਬੰਧ ਏਨਾ ਵਿਸ਼ਾਲ ਅਤੇ ਹੈਰਤ ਅੰਗੇਜ਼ ਸੀ ਕਿ ਅੰਗਰੇਜ਼ ਸਰਕਾਰ ਮੂੰਹ ਵਿਚ ਉਂਗਲਾਂ ਪਾਉਣ ਤੇ ਮਜਬੂਰ ਹੋ ਜਾਂਦੀ ਸੀ। ਇਸ ਮਹਿਕਮੇ ਦੀ ਸਫਲਤਾ ਦਾ ਸਿਹਰਾ ਵੀ ਤੀਖਣ ਬੁੱਧੀ ਅਤੇ ਪਹਿਲ ਕਦਮੀ ਨਾਲ ਭਰਪੂਰ ਸੂਬਾ ਸਾਹਿਬ ਸਿੰਘ ਦੇ ਸੀਸ ਤੇ ਹੀ ਸਜਦਾ ਸੀ। ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸ਼ਬਦਾਂ ਵਿਚ–



Namdhari Elibrary NamdhariElibrary@gmail.com

"ਮੰਨਦਾ ਸਾਹਿਬ ਸਿੰਘ ਦਾ ਲੋਹਾ ਸੀ ਅੰਗਰੇਜ਼
ਪਹਿਲਾਂ ਦਿੰਦਾ ਡਾਕ ਉਹ ਉਹਨਾਂ ਤੋਂ ਸੀ ਭੇਜ"
—ਮਹਾਂ ਕਵਿ ਮਾਲਵੇਂਦਰ

ਇਕ ਹੋਰ ਪ੍ਰਸਿੱਧ ਨਾਮਧਾਰੀ, ਇਤਿਹਾਸਕਾਰ ਸੰਤ ਨਿਧਾਨ ਸਿੰਘ ਆਲਿਮ ਆਪਣੀ ਪੁਸਤਕ ਦੇ "ਕੂਕਾ ਪੋਸਟਲ ਸਰਵਿਸ" ਵਾਲੇ ਅਧਿਆਇ ਵਿਚ ਦਰਜ ਕਰਦੇ ਹਨ—

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਡਾਕ ਦਾ ਆਪਣਾ ਪ੍ਰਾਈਵੇਟ ਮਹਿਕਮਾ ਜਥੇਬੰਦ ਕਰਕੇ ਸੂਬਾ ਸਾਹਿਬ ਸਿੰਘ ਨੂੰ ਉਸ ਦਾ ਵੱਡਾ ਅਫਸਰ ਨੀਯਤ ਕੀਤਾ। ਉਨ੍ਹਾਂ ਨੂੰ ਆਪਣੀ ਦੂਰ ਦਰਸ਼ਤਾ ਨਾਲ ਪਹਿਲੋਂ ਹੀ ਅਨੁਭਵ ਕਰ ਲਿਆ ਸੀ ਕਿ ਜੇ ਡਾਕ ਨੂੰ ਸੈਂਸਰ ਹੋਣ ਤੋਂ ਬਚਾਇਆ ਜਾ ਸਕਦਾ ਹੈ ਤਾਂ ਉਸਦਾ ਅਦੁੱਤੀ ਤਰੀਕਾ ਡਾਕ ਦੇ ਸੁਤੰਤਰ ਮਹਿਕਮੇ ਦੀ ਸਥਾਪਨਾ ਹੈ। ਇਹ ਮਹਿਕਮਾ ਇਸ ਖੂਬੀ ਨਾਲ ਕਾਇਮ ਕੀਤਾ ਗਿਆ ਕਿ ਕੋਈ ਪੱਤਰ ਕਿਸੇ ਗੈਰ ਦੇ ਹੱਥ ਨਹੀਂ ਸੀ ਆ ਸਕਦਾ ਅਤੇ ਖ਼ਬਰਾਂ ਵੀ ਸਰਕਾਰੀ ਮਹਿਕਮਾ ਡਾਕ ਨਾਲੋਂ ਛੇਤੀ ਤੇ ਬਿਨਾਂ ਪੈਸੇ ਖਰਚ ਕਰਨ ਤੋਂ ਪੁੱਜ ਜਾਂਦੀਆਂ ਸਨ। ਖ਼ਬਰਾਂ ਵਾਸਤੇ ਸੰਕੇਤ ਨੀਯਤ ਕੀਤੇ ਗਏ ਸਨ, ਜਿਨ੍ਹਾਂ ਦਾ ਹਰਕਾਰਿਆਂ ਨੂੰ ਵੀ ਪਤਾ ਨਹੀਂ ਸੀ ਹੁੰਦਾ। ਉਨ੍ਹਾਂ ਤੋਂ ਕੇਵਲ ਸੂਬੇ ਅਤੇ ਜਥੇਦਾਰ ਹੀ ਜਾਣੂ ਹੁੰਦੇ ਸਨ।.... 'ਕੂਕਾ ਪੋਸਟਲ ਸਰਵਿਸ' ਸਬੰਧੀ ਸਰਕਾਰੀ ਰੀਕਾਰਡ ਵਿਚ ਵੀ ਪ੍ਰਸ਼ੰਸਾ ਕੀਤੀ ਗਈ ਹੈ। ਲਿਖਿਆ ਹੈ ਕਿ :—

"ਕੂਕੇ ਜਿਨ੍ਹਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਦਾ ਮਹਿਕਮਾਂ ਪ੍ਰਾਈਵੇਟ ਹੈ, ਜੋ ਬੜੀ ਖੂਬੀ ਨਾਲ ਜਥੇਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈ ਕੇ ਦੂਜੇ ਪਿੰਡ ਦੇ ਕੂਕੇ ਪਾਸ ਪੁੱਜਦਾ ਹੈ, ਉਹ ਜੋ ਕੰਮ ਕਰਦਾ ਹੋਵੇ ਵਿਚੇ ਛੱਡ ਦਿੰਦਾ ਹੈ। ਜੇ ਰੋਟੀ ਅੱਧੀ ਖਾਧੀ ਤੇ ਅੱਧੀ ਰਹਿੰਦੀ ਹੈ, ਤਾਂ ਉਹ ਦੂਜੀ ਗਿਰਾਹੀ ਮੂੰਹ ਵਿਚ ਨਹੀਂ ਪਾਉਂਦਾ, ਅਤੇ ਕੋਈ ਪ੍ਰਸ਼ਨ ਪੁੱਛਣ ਤੋਂ ਬਿਨਾਂ ਹੀ ਚਿੱਠੀ ਲੈ ਕੇ ਦੌੜ ਜਾਂਦਾ ਹੈ, ਅਰ ਦੂਜੇ ਪੜਾ ਤੇ ਪੁੱਜ ਕੇ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ। ਖਾਸ ਡਾਕ ਜ਼ਬਾਨੀ ਹੁੰਦੀ ਹੈ, ਜੋ ਲਿਖੀ ਨਹੀਂ ਜਾਂਦੀ। ਮੇਜ਼ਰ ਪਰਕਿਨਜ਼ ਦੇ ਕਹਿਣ ਅਨੁਸਾਰ ਉਹ ਜਰਨੈਲੀ ਸੜਕ ਛੱਡਕੇ ਲੰਮਾਂ ਵਲਾ ਪਾਉਂਦੇ ਤੇ ਲਾਂਭਿਉਂ ਦੀ ਜਾਂਦੇ ਹਨ।"[9]

ਆਲਿਮ ਜੀ ਦੀ ਲਿਖਤ ਅਨੁਸਾਰ ਸਾਹਿਬ ਸਿੰਘ ਹੀ ਸਤਿਗੁਰੂ ਜੀ ਦੇ ਪ੍ਰਧਾਨ ਸੂਬੇ ਸਨ।[10] ੧੮੬੩ ਈ. ਤੋਂ ੧੮੬੬ ਈ. ਤੱਕ ਸਤਿਗੁਰੂ ਜੀ ਦੇ ਪਾਬੰਦੀ ਕਾਰਨ ਭੈਣੀ ਸਾਹਿਬ ਤੋਂ ਬਾਹਰ ਪ੍ਰਚਾਰ ਦੌਰਿਆਂ ਦਾ ਜ਼ਿਕਰ ਨਹੀਂ ਮਿਲਦਾ। ਅਕਤੂਬਰ ੧੮੬੭ ਈ. ਦੀ ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ ਦੇ ਮੌਕੇ ਤੇ ਸਤਿਗੁਰੂ ਜੀ ਮਾਝੇ, ਮਾਲਵੇ, ਦੁਆਬੇ ਬਾਰ ਅਤੇ ਦੜਪ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਸ੍ਰੀ ਅੰਮ੍ਰਿਤਸਰ ਜਾਣਾ ਚਾਹੁੰਦੇ ਸਨ। ਇਸ ਕਾਰਜ ਲਈ ਸਰਕਾਰ ਨਾਲ ਗੱਲਬਾਤ ਕਰਨ ਲਈ ਆਪਣੇ ਦੋ ਸੂਬੇ ਨਿਯੁਕਤ ਕੀਤੇ। "ਬਾਬਾ ਕਾਹਨ ਸਿੰਘ ਤੇ ਬਾਬਾ ਸਾਹਿਬ ਸਿੰਘ ਦੋਵੇਂ ਲਾਹੌਰ ਗਏ। ਜਾਇ ਅਰਜੀ ਦਿੱਤੀ ਕਿ ਦੀਪਮਾਲਾ ਕੀ ਛੁਟੀ ਮੰਗਦੇ ਹਾਂ। ਫਰੰਗੀ ਬੋਲਿਆ ਕਿ ਛੁੱਟੀ ਨਾ ਮਿਲੇਗੀ। ਸਿੰਘਾਂ ਨੇ ਕਿਹਾ ਕਿ ਦਰਵੇਸ਼ ਲੋਕ ਹੈ ਕਿਸੀ ਕਾ ਹਰਜ ਨਹੀਂ ਕਰਦੇ। ਫਰੰਗੀ ਨੇ ਕਹਾ ਤੁਮ ਦਰਵੇਸ਼ ਨਹੀਂ ਹੈ। ਕੜਾਹ ਪ੍ਰਸ਼ਾਦਿ ਛਕਦੇ ਹੋ। ਲਾਲੀਆਂ ਤੁਹਾਡੇ ਮੂੰਹ ਪਰ ਦਗਦੀਆਂ ਹਨ। ਦਰਵੇਸ਼ਾਂ ਵਾਲਾ ਤੁਹਾਡਾ ਕੋਈ ਕੰਮ ਨਹੀਂ। ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ। ਅਸੀਂ ਧੁਆਨੂੰ ਖੁੱਲ੍ਹੇ ਕਰਕੇ ਆਪਨੇ ਰਾਜ ਸੇ ਹੱਥ ਧੋਇ ਬੈਠੀਏ ਜਾਓ ਛੁੱਟੀ ਨਹੀਂ ਮਿਲੇਗੀ।"[11] ਇਹ ਵੱਖਰੀ ਗੱਲ ਹੈ ਕਿ ਜਦੋਂ ਆਨੰਦਪੁਰ ਸਾਹਿਬ ਦੇ ਪਿਛਲੇ ਹੋਲੇ ਜਿਉਂ ਸਰਕਾਰ ਨੂੰ ਸੂਹ ਮਿਲ ਗਈ ਕਿ ਉਹ ਅੰਮ੍ਰਿਤਸਰ ਪੁੱਜਣ ਲਈ ਬਜ਼ਿਦ ਹਨ— ਭਾਵ ਉਹ ਮਨਾਹੀ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਣਗੇ ਤਾਂ ਆਪਣਾ ਨਮੂਜ ਰੱਖਣ ਲਈ ਛੁੱਟੀ ਦਾ ਪਰਵਾਨਾ ਸ੍ਰੀ ਭੈਣੀ ਸਾਹਿਬ ਭੇਜ ਦਿੱਤਾ ਗਿਆ।

ਸਤਿਗੁਰੂ ਜੀ ਸਾਹਿਬ ਸਿੰਘ ਨੂੰ ਆਪਣੀ ਹਜ਼ੂਰੀ ਵਿਚ ਭਜਨ ਦੇਣ ਦਾ ਹੁਕਮ ਵੀ ਕਰਿਆ ਕਰਦੇ ਸਨ ਅਤੇ ਜਦੋਂ ਮਾਈਆਂ ਸਿੱਖੀ ਧਾਰਨ ਕਰਦੀਆਂ ਸਨ ਤਾਂ ਉਹਨਾਂ ਦੇ ਸਰੀਰ ਤੋਂ ਮਨਮੱਤ ਦੇ ਪ੍ਰਤੀਕ ਗਹਿਣੇ ਅਦਿਕ ਲਹਾਉਣ ਦੀ ਸੇਵਾ ਸਾਹਿਬ ਸਿੰਘ ਦੇ ਜ਼ਿੰਮੇ ਲੱਗਦੀ ਸੀ। ਰਾਜੇ ਜੰਗ (ਲਾਹੌਰ) ਦਾ ਜ਼ਿਕਰ ਬਾਹੋਵਾਲ ਜੀ ਕਰਦੇ ਹਨ: "ਉਸ ਵਕਤ ਜਨਾਨੀਆਂ ਦੇ ਹੱਥੀਂ ਪਹੁੰਚੀਆਂ ਬੱਧੀਆਂ ਹੋਈਆਂ ਦੇਖਕੇ ਬਚਨ ਕੀਤਾ- ਲਿਆ ਭਾਈ ਸਾਹਿਬ ਸਿੰਘ ਰੰਬਾ ਪਹੁੰਚੀਆਂ ਵੱਢੀਏ। ਵੱਢ ਕੇ ਬਚਨ ਕੀਤਾ.... ਫੇਰ ਨਹੀਂ ਗਹਿਣੇ ਚੂੜੀਆਂ ਆਦਿਕ ਪਹਿਰਨੀਆਂ।"[12] ਸਾਹਿਬ ਸਿੰਘ ਪਰਮਾਰਥ ਬਾਰੇ ਵੀ ਅਕਸਰ ਚਰਚਾ ਸਤਿਗੁਰੂ ਜੀ ਨਾਲ ਕਰਦਾ ਰਹਿੰਦਾ। ਉਸ ਦੀ ਵਾਰਤਾ ਦਾ ਵਿਸ਼ਾ ਸਿੱਖੀ ਸਿਦਕ ਹੀ ਹੁੰਦਾ ਸੀ। ਸੂਬਿਆਂ ਦੇ ਆਪਸੀ ਵਿਵਾਦਾਂ ਦੇ ਨਿਪਟਾਰੇ ਸਮੇਂ ਵੀ ਸਾਹਿਬ ਸਿੰਘ ਦੀ ਹੀ ਯੋਗਤਾ ਪਰਖੀ ਜਾਂਦੀ ਸੀ। ਸਾਹਿਬ ਸਿੰਘ ਆਪਣੀ ਹਾਜ਼ਰ ਜੁਆਬੀ ਵਿਚ ਵੀ ਲਾ ਜੁਆਬ ਸੀ। ਬਾਹੋਵਾਲ ਜੀ ਦੁਆਰ ਲਿਖਤ ਇਕ ਹੋਰ ਪਰਸੰਗ— "ਏਕ ਬ੍ਰਾਹਮਣ ਕਾਂਸ਼ੀ ਥੀਂ ਆਇਆ।



Namdhari Elibrary NamdhariElibrary@gmail.com

ਸਾਰਾ ਦਿਨ ਬੈਠਾ ਦੇਖਦਾ ਰਿਹਾ। ਜੇੜ੍ਹਾ ਸਿੰਘ ਮਦਾਨੇ ਜਾਵੇ ਸਾਰੇ ਬਸਤ ਕੱਪੜੇ ਉਤਾਰ ਕੇ ਜਾਵੇ। ਆਇਕੇ ਸਣ ਕੇਸੀਂ ਇਸ਼ਨਾਨ ਕਰਨਾ। ਜੇੜ੍ਹਾ ਪਰਨਾ ਨਾਲ ਲਜਾਵਣਾ ਸੋ ਧੋਇ ਲੈਣਾ। ਬ੍ਰਾਹਮਣ ਨੇ ਕਹਾ ਬ੍ਰਾਹਮਣਾਂ ਕੇ ਕਰਮ ਸ਼ੂਦਰ ਵੈਸ਼ ਕਰਦੇ ਹੈਨ। ਬਾਬੇ ਸਾਹਿਬ ਸਿੰਘ ਬੋਲ ਕੀਤਾ, 'ਪੰਡਿਤ ਜੀ! ਤੁਸੀਂ ਗੁੱਸਾ ਕਿਉਂ ਕਰਦੇ ਹੋ। ਅਸੀਂ ਇਹ ਮਰਯਾਦਾ ਜ਼ੋਰ ਨਾਲ ਨਹੀਂ ਲਈ ਹੈ। ਅਸੀਂ ਤਾਂ ਡਿੱਗੀ ਪਈ ਚੁੱਕੀ ਹੈ। ਨਿਰਾਦਰ ਹੁੰਦਾ ਦੇਖ ਕੇ ਅਸੀਂ ਆਦਰ ਕੀਤਾ ਹੈ। ਪੰਡਿਤ ਨੂੰ ਕੋਈ ਉਤਰ ਨਾ ਆਇਆ।"[13]

ਸਾਹਿਬ ਸਿੰਘ ਪੰਜਾਬੀ ਲੋਕ ਸੱਭਿਆਚਾਰ ਤੋਂ ਵੀ ਭਲੀ ਭਾਂਤ ਪਰਿਚਿਤ ਸੀ। ਮਲੂਮ ਹੁੰਦਾ ਹੈ ਕਿ ਉਹ ਹੀਰ ਰਾਂਝੇ ਦੇ ਕਿੱਸੇ ਵਿਚ ਵੀ ਦਿਲਚਸਪੀ ਰੱਖਦਾ ਸੀ। ਇਹ ਉਸਦੇ ਅਤੇ ਰੁਝੇਵਿਆਂ ਭਰੇ ਜੀਵਨ ਦਾ ਕੋਮਲ ਪੱਖ ਵੀ ਸੀ ਇਸੇ ਲਈ ਉਹਨੇ ਆਪਣੇ ਮਨ ਦੀ ਜਗਿਆਸਾ ਸਤਿਗੁਰੂ ਜੀ ਨਾਲ ਸਾਂਝੀ ਕੀਤੀ– "ਬਾਬੇ ਸਾਹਿਬ ਸਿੰਘ ਨੇ ਅਰਜ਼ ਕੀਤੀ ਜੀ ਲੋਕ ਹੀਰ ਰਾਂਝਾ ਬਹੁਤ ਪੜ੍ਹਦੇ ਸੁਣਦੇ ਹੈਂ। ਦੀਨਾ ਨਾਥ ਜੀ ਬਚਨ ਕੀਤੇ ਉਨ੍ਹਾਂ ਦੀ ਸੱਚੀ ਆਸ਼ਕੀ ਸੀ। ਉਹਨਾਂ ਵਰਗਾ ਕਲੂ ਕਾਲ ਵਿਚ ਕੋਈ ਨਹੀਂ ਹੈ ਪਰ ਤੁਸੀਂ ਬਾਣੀ ਹੀ ਪੜ੍ਹੋ।"[14] ਸੂਰਜ ਪ੍ਰਕਾਸ਼ ਵਿਚ ਕਥਾ ਆਉਂਦੀ ਹੈ ਕਿ ਦਸਵੇਂ ਪਾਤਸ਼ਾਹ ਨੇ ਇਕ ਵੇਰ ਇਕ ਆਜੜੀ ਜੋ ਰਾਤ ਸੱਸੀ ਗਾਉਂਦਾ ਸੀ, ਆਪਣੀ ਮੌਜ ਵਿਚ ਉਸਨੂੰ ਦਿਨੇ ਪਾਸ

ਬੁਲਾਕੇ ਫਿਰ ਸੱਸੀ ਸੁਣੀ। ਸਿੱਖਾਂ ਦੇ ਕੱਚੀ ਬਾਣੀ ਵਾਲੀ ਸ਼ੰਕਾ ਕਰਨ ਤੇ ਕਿਹਾ ਕਿ ਜਿਸ ਧਰਤੀ ਵਿਚ ਉਂਗਲ ਨਹੀਂ ਗੱਡੀ ਜਾ ਸਕਦੀ ਸੱਸੀ ਆਪਣੇ ਪ੍ਰੇਮ ਖਾਤਰ ਉਸ ਧਰਤੀ ਵਿਚ ਸਮਾ ਗਈ ਸੀ। ਸੂਬਾ ਸਾਹਿਬ ਸਿੰਘ ਵੀ ਦੇਸ਼ ਪ੍ਰੇਮ ਦਾ ਐਸਾ ਮਤਵਾਲਾ ਸੀ ਜਿਹਨੂੰ ਆਪਣੇ ਸਤਿਗੁਰੂ ਤੋਂ ਇਹ ਦਾਤ ਮਿਲੀ ਸੀ। ਆਪਣੇ ਸਤਿਗੁਰੂ ਦੇ ਡੇਰੇ ਵਿਚ ਭਾਵੇਂ ਉਹ ਪਸ਼ੂਆਂ ਦਾ ਛੇੜੂ ਬਣਕੇ ਆਇਆ ਸੀ, ਪਰ ਸਤਿਗੁਰੂ ਜੀ ਦੀ ਪਾਰਖੂ ਅੱਖ ਨੇ ਉਸ ਵਿਚਲੇ ਲੀਡਰਸ਼ਿੱਪ ਦੇ ਗੁਣਾਂ ਨੂੰ ਭਾਂਪ ਲਿਆ ਸੀ ਅਤੇ ਉਹ ਕੂਕਾ ਜਥੇਬੰਦੀ ਦਾ ਸਤਿਗੁਰੂ ਜੀ ਤੋਂ ਬਾਅਦ ਇਕ ਮੁੱਖ ਧੁਰਾ ਬਣ ਗਿਆ ਸੀ। ਉਹ ਛੋਟੇ ਵੱਡੇ ਸਮਾਗਮਾਂ ਵਿਚ ਦੀਵਾਨ ਸਥਾਨ ਦੀ ਤਿਆਰੀ ਦਾ ਵੀ ਜ਼ਿੰਮੇਵਾਰ ਹੁੰਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿਚ ਦਰਜ ਹੈ "ਦੀਵਾਨ ਦਾ ਮੈਦਾਨ, ਬਾਬਾ ਸਾਹਿਬ ਸਿੰਘ ਜੀ ਸੂਬੇ ਲਵਾਉਂਦੇ ਹੁੰਦੇ ...ਸੋਟੀ ਲੈ ਲੈਣੀ ਜਾ ਕੇ ਗੋਲ ਚਕਰ ਬਣਾਉਣਾ ਬਹੁਤ ਵੱਡਾ।"[15]

ਸਾਹਿਬ ਸਿੰਘ ਨਾਮਧਾਰੀ ਸਿੰਘਾਂ ਦਾ ਡਰਿਲ ਇਂਸਟਰਕਟਰ ਵੀ ਸੀ ਭਾਵ ਉਹਨਾਂ ਨੂੰ ਕਵਾਇਦ ਵੀ ਕਰਵਾਉਂਦਾ ਸੀ। ਕੈਪਟਨ ਮਿੱਲਰ ਦਾ ਭੇਜਿਆ ਹੋਇਆ ਇਕ ਗੋਂਦਾ ਸਿੰਘ ਨਾਂ ਦਾ ਜਸੂਸ ਜੂਨ ੧੮੬੩ ਈ. ਵਿਚ ਭੈਣੀ ਸਾਹਿਬ ਪੁੱਜਦਾ ਹੈ ਅਤੇ ਉਹ ਦੱਸਦਾ ਹੈ ਕਿ ਰਾਤ ਦੇ ਸਮੇਂ ਢੋਲ ਵੱਜਣ ਬਾਅਦ ਪੰਜਾਹ ਕੂਕਿਆਂ ਨੂੰ ਸਾਹਿਬ ਸਿੰਘ ਨੇ ਲਾਠੀਆਂ ਨਾਲ ਕਵਾਇਦ ਕਰਵਾਈ। ਉਸ ਨੂੰ ਸਾਹਿਬ ਸਿੰਘ ਨੇ ਭਜਨ ਦੱਸ ਕੇ ਕੂਕਿਆਂ ਵਿਚ ਸ਼ਾਮਲ ਵੀ ਕਰ ਲਿਆ। ਫਿਰ ਜਦੋਂ ਗੋਂਦਾ ਸਿੰਘ ਸਾਹਿਬ ਸਿੰਘ ਪਾਸ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇਛਿਆ ਪ੍ਰਗਟ ਕਰਦਾ ਹੈ ਤਾਂ ਸਾਹਿਬ ਸਿੰਘ ਉਹਨੂੰ ਦੋ ਭਵਿੱਖਤ ਵਾਕਾਂ ਤੇ ਆਧਾਰਿਤ ਪੱਤਰ ਸ੍ਰੀ ਸਤਿਗੁਰੂ ਜੀ ਨੂੰ ਦੇਣ ਲਈ ਦਿੰਦਾ ਹੈ ਜਿਹਨਾਂ ਵਿਚ ਸਰਕਾਰ ਵਿਰੁੱਧ ਬਹੁਤ ਸਾਰਾ ਗੁੱਸਾ ਅਤੇ ਨਫਰਤ ਹੈ। ਪ੍ਰੰਤੂ ਆਲਿਮ ਜੀ ਦਾ ਮੱਤ ਹੈ ਕਿ ਸੂਬਾ ਸਾਹਿਬ ਸਿੰਘ ਵਰਗਾ ਸੁਘੜ ਤੇ ਨੀਤੀ ਨਿਪੁੰਨ ਵਿਅਕਤੀ ਇਸ ਤਰ੍ਹਾਂ ਦੇ ਬਗਾਵਤੀ ਭਾਸ਼ਾ ਵਾਲੇ ਪੱਤਰ ਕਿਸੇ ਓਬੜ ਬੰਦੇ ਦੇ ਹੱਥ ਨਹੀਂ ਸੀ ਦੇ ਸੱਕਦਾ। ਦਰਅਸਲ ਸਰਕਾਰੀ ਅਧਿਕਾਰੀ ਖੋਟਿਆਂ ਦੇ ਅਨੰਦ ਕਾਰਜਾਂ ਅੰਤੇ ਕੂਕਿਆਂ ਵੱਲੋਂ ਮੜ੍ਹੀਆਂ-ਮਸਾਣਾ, ਕਬਰਾਂ-ਖਾਨਗਾਂਹਾਂ ਆਦਿ ਦੀ ਭੰਨ ਤੋੜ ਕਾਰਨ ਤਹਿਰੀਕ ਨੂੰ ਧਾਰਮਕ ਦੀ ਬਜਾਏ ਸਿਆਸੀ ਸਮਝਣ ਲੱਗ ਪਈ ਸੀ ਕਿ ਖਾਲਸਾ ਰਾਜ ਦੀ ਪੁਨਰ ਸੁਰਜੀਤੀ ਜਾਂ ਪੰਜਾਬ ਵਿਚ ਸੁਤੰਤਰ ਰਾਜ ਦਾ ਨਿਰਮਾਣ ਕੂਕਿਆਂ ਦਾ ਮਨੋਰਥ ਹੈ, ਇਸ ਲਈ ਸਤਿਗੁਰੂ ਜੀ ਤੇ ਸੂਬਿਆਂ ਤੇ ਹੱਥ ਪਾਉਣ ਲਈ ਬਹਾਨੇ ਘੜੇ ਜਾ ਰਹੇ ਸਨ। ਛੇਤੀ ਹੀ ਸਤਿਗੁਰੂ ਜੀ ਅਤੇ ੨੨ ਸੂਬਿਆਂ ਤੇ ਨਜ਼ਰਬੰਦੀ ਦੇ ਹੁਕਮ ਆਦਿ ਕਰ ਦਿੱਤੇ ਗਏ ਸਨ। ਪਰ ਉਹਨਾਂ ਨੇ ਜਦੋਂ ਵੀ ਸਰਕਾਰ ਨੂੰ ਝਟਕਾ ਦੇਣਾ ਹੁੰਦਾ, ਮਨਾਹੀ ਦੇ ਹੁਕਮ ਰੱਦ, ਕਰਕੇ ਸ੍ਰੀ ਅੰਮ੍ਰਿਤਸਰ ਜਾਂ ਅਨੰਦਪੁਰ ਸਾਹਿਬ ਦੇ ਪਰਬਾਂ ਦੇ ਸਮੇਂ ਉੱਧਰ ਵਹੀਰਾਂ ਘੱਤ ਦਿੰਦੇ ਸਨ।

ਦੇਸ਼ ਆਜ਼ਾਦੀ ਲਈ ਨਾਮਧਾਰੀ ਦਰਬਾਰ ਨੇ ਸਤਿਗੁਰੂ ਜੀ ਦੇ ਆਦੇਸ਼ ਮੁਤਾਬਿਕ ਵਿਆਪਕ ਵਿਊਹ ਰਚਨਾ ਵੀ ਕੀਤੀ ਸੀ। ਬਦੇਸ਼ੀ ਗੁਆਂਢੀ ਸ਼ਕਤੀਆਂ ਅਤੇ ਦੇਸ਼ ਵਿਚਲੀਆਂ ਗਵਾਲੀਅਰ ਲਖਨਊ, ਬਨਾਰਸ ਆਦਿ ਰਿਆਸਤਾਂ ਨਾਲ ਵੀ ਸਬੰਧ ਕਾਇਮ ਕੀਤੇ ਜਾ ਰਹੇ ਸਨ। ਜੰਮੂ ਕਸ਼ਮੀਰ ਵਿਚ ਹੀਰਾ ਸਿੰਘ ਸਢੌਰਾ ਦੀ ਅਗਵਾਈ ਹੇਠ ਕੂਕਾ ਰੇਜੀਮੈਂਟ ਖੜ੍ਹੀ ਕਰਨ ਬਾਅਦ, ਹੁਣ ਨੈਪਾਲ ਨਾਲ ਕੂਟਨੀਤਕ ਸਬੰਧਾਂ ਦੇ



Namdhari Elibrary NamdhariElibrary@gmail.com

ਯਤਨ ਅਰੰਭੇ ਗਏ। ਕੁਝ ਲਾਹੌਰ ਦਰਬਾਰ ਦੇ ਪੁਰਾਣੇ ਸੈਨਿਕ, ਵੀ ਨੈਪਾਲ ਦੀ ਰਾਣਾ ਜੰਗ ਬਹਾਦਰ ਦੀ ਸਰਕਾਰ ਵਿਚ ਫੌਜੀ ਮੁਲਾਜ਼ਮ ਸਨ। ਨੈਂਪਾਲ ਦਾ ਰਾਣਾ ਜੰਗ ਬਹਾਦਰ ਏਸ਼ੀਆ ਦੇ ਇਸ ਖਿੱਤੇ ਵਿਚ ਵਧਦੇ ਬ੍ਰਿਟਿਸ਼ ਪ੍ਰਭਾਵ ਤੋਂ ਚਿੰਤਤ ਵੀ ਸੀ ਪਰ ਸ਼ਕਤੀਸ਼ਾਲੀ ਸਾਮਰਾਜ ਦੇ ਮੁਕਾਬਲੇ ਲਈ ਮਜ਼ਬੂਤ ਧਿਰ ਦੀ ਅਣਹੋਂਦ ਵਿਚ ਉਹ ਆਪਣੇ ਦੇਸ਼ ਜਾਂ ਕੌਮ ਨੂੰ ਬਲੀ ਦਾ ਬੱਕਰਾ ਵੀ ਨਹੀਂ ਸੀ ਬਨਾਉਣਾ ਚਾਹੁੰਦਾ। ਸੰਨ ੧੮੫੭ ਈ. ਦੇ ਸੁਤੰਤਰਤਾ ਸੰਗਰਾਮ ਵਿਚ ਭਾਰਤੀ ਗ਼ਦਰੀਆਂ ਦੀ ਮੱਦਦ ਲਈ ਉਸ ਆਪਣੀ ਸੈਨਾ ਤੋਰ ਦਿੱਤੀ ਸੀ, ਪਰ ਜਦੋਂ ਉਸਨੂੰ ਮਲੂਮ ਹੋਇਆ ਕਿ ਅੰਗਰੇਜ਼ਾਂ ਵਿਰੁੱਧ ਸਾਰਾ ਦੇਸ਼ ਇਕ ਜੁੱਟ ਨਹੀਂ ਹੋਇਆ ਅਤੇ ਗ਼ਦਰੀਆਂ ਦੇ ਪੈਰ ਉੱਖੜਨੇ ਸ਼ੁਰੂ ਹੋ ਗਏ ਹਨ, ਤਾਂ ਉਸਨੇ ਲਖਨਊ ਤੋਂ ਆਪਣੀ ਸੈਨਾ ਵਾਪਸ ਨੈਪਾਲ ਮੰਗਵਾ ਲਈ ਸੀ। ਗੁੰਥ ਗੜ੍ਹ (ਅੰਮ੍ਰਿਤਸਰ) ਦੇ ਕੂਕੇ ਕਿਸ਼ਨ ਸਿੰਘ, (ਕਈ ਥਾਵਾਂ ਤੇ ਉਸਦਾ ਨਾਮ ਹਰੀ ਸਿੰਘ ਵੀ ਲਿਖਿਆ ਹੈ) ਰਾਹੀਂ ਰਾਣਾ ਨੂੰ ਪੰਜਾਬ ਵਿਚ ਕੂਕਾ ਅੰਦੋਲਨ ਦੇ ਰਾਜਸੀ ਨਿਸ਼ਾਨਿਆਂ ਦੇ ਪ੍ਰਫੁੱਲਤ ਹੋਣ ਦੀ ਸੂਹ ਮਿਲੀ। ਕਿਸ਼ਨ ਸਿੰਘ ਹੋਰਾਂ ਸਤਿਗੁਰੂ ਰਾਮ ਸਿੰਘ ਤੱਕ ਰਾਣੇ ਦੀ ਬੇਨਤੀ ਪੁਚਾਈ ਕਿ ਇੱਥੇ ਆ ਕੇ ਦਰਸ਼ਨ ਦਿਉ। ੧੮੫੭ ਦੇ ਬਹੁਤ ਸਾਰੇ ਗਦਰੀ ਦੇਸ਼ ਭਗਤ ਵੀ ਨੈਪਾਲ ਵਿਚ ਸਨ, ਮਹਾਰਾਣੀ ਜਿੰਦਾਂ ਵੀ ਨੈਪਾਲ ਦਰਬਾਰ ਦੀ ਪ੍ਰਾਹੁਣਾਚਾਰੀ ਵਿਚ ਰਹਿ ਚੁੱਕੀ ਸੀ। ਸੋ ਸਤਿਗੁਰੂ ਜੀ ਨੇ ਰਾਣੇ ਦੀ ਬੇਨਤੀ ਤੇ ਆਪਣੇ ਦੋ ਖਾਸ ਸੂਬਿਆਂ ਕਾਹਨ ਸਿੰਘ ਨਿਹੰਗ ਅਤੇ ਸਾਹਿਬ ਸਿੰਘ ਨੂੰ ੧੮੭੦-੭੧ ਈ. ਦੀਆਂ ਸਰਦੀਆਂ ਵਿਚ ਨੈਪਾਲ ਭੇਜਿਆ। ਦੋਹਾਂ ਪਾਸਿਆਂ ਤੋਂ ਕੁਝ ਕੀਮਤੀ ਤੋਹਫਿਆਂ ਦਾ ਆਦਾਨ ਪਰਦਾਨ ਵੀ ਹੋਇਆ। ਸਿਆਸੀ ਮਹੱਤਵ ਦਾ ਵਿਚਾਰ ਵਟਾਂਦਰਾ ਵੀ ਹੋਇਆ ਅਤੇ ਸਤਿਗੁਰੂ ਜੀ ਦੇ ਨਾਮ ਨੈਪਾਲ ਨਰੇਸ਼ ਨੇ, ਕੂਕਾ ਗੋਰਖਾ ਸਬੰਧਾਂ ਨੂੰ, ਜਿਹੜੇ ਸਿੱਖ ਰਾਜ ਵੇਲੇ ਤੋਂ ਹੀ ਚੱਲੇ ਆ ਰਹੇ ਸਨ ਹੋਰ ਪ੍ਰਗਾਢ ਕਰਨ ਲਈ ਇਕ ਸ਼ਾਹੀ ਮੁਰਾਸਲਾ ਵੀ ਭੇਜਿਆ। ਪਰ ਜਦੋਂ ਕਾਸ਼ੀ ਨਰੇਸ਼ ਸ਼ਿਵਰਾਜ ਸਿੰਘ ਰਾਹੀਂ ਅੰਗਰੇਜ਼ ਸਰਕਾਰ ਨੇ ਨੈਪਾਲ ਵਿਚਲੀਆਂ ਕੂਕਾ ਸਰਗਰਮੀਆਂ ਦੀ ਸੂਹ ਕੱਢਣੀ ਚਾਹੀ ਤਾਂ ਆਪਣੇ ਚਰਿੱਤਰ ਦੇ ਦੋਹਰੇ ਸੁਭਾਉ ਕਾਰਨ ਰਾਣਾ ਜੰਗ ਬਹਾਦਰ ਘਬਰਾ ਗਿਆ ਅਤੇ ਉਸਨੇ ਅੰਗਰੇਜ਼ਾਂ ਤੋਂ ਇਹ ਕਹਿਕੇ ਜਾਨ ਛੁਡਾਈ ਕਿ ਕੂਕੇ ਨੈਪਾਲ ਦਰਬਾਰ ਦੀ ਸੈਨਾ ਵਿਚ ਭਰਤੀ ਹੋਣ ਦੇ ਮੌਕੇ ਤਲਾਸ਼ਣ ਆਏ ਸਨ ਪਰ ਅਸੀਂ ਜੁਆਬ ਦੇ ਦਿੱਤਾ ਹੈ ਕਿ ਅਸੀਂ ਗੋਰਖਿਆਂ ਤੋਂ ਬਿਨਾਂ ਕਿਸੇ ਹੋਰ ਕੌਮ ਨੂੰ ਆਪਣੀ ਸੈਨਾ ਵਿਚ ਨਹੀਂ ਰੱਖਦੇ। ਉੱਤ ਕਾਠਮੰਡੂ ਦੇ ਅੰਗਰੇਜ਼ ਰੈਜ਼ੀਡੈਂਟ ਨੂੰ ਰਾਣੇ ਨੇ ਉਸਦੀ ਪੁਛਗਿਛ ਬਾਅਦ ਦੱਸ ਦਿੱਤਾ ਕਿ ਪੰਜਾਬ ਵਿਚ ਹੁਣੇ ਬਣੇ ਇਸ ਨਵੇਂ ਮੱਤ ਵਿਚ ਤਿੰਨ ਲੱਖ ਅਨੁਆਈ ਆਪਣੇ ਗੁਰੂ ਵਿਚ ਪੱਕਾ ਭਰੋਸਾ ਰੱਖਦੇ ਹਨ ਅਤੇ ਉਸਦੇ ਹੁਕਮ ਤੇ ਕੁਝ ਵੀ ਚੰਗਾ ਜਾਂ ਮਾੜਾ ਕਰਨ ਲਈ ਤਤਪਰ ਹਨ-ਇਸ ਲਈ ਜੇ ਸਰਕਾਰ ਅੰਗਰੇਜ਼ੀ ਨੇ ਉਹਨਾਂ ਦਾ ਪੂਰਾ ਧਿਆਨ ਨਾ ਰੱਖਿਆ ਤਾਂ ਉਹ ਸਰਕਾਰ ਲਈ ਕਿਸੇ ਵੇਲੇ ਵੀ ਮੁਸੀਬਤ ਖੜ੍ਹੀ ਕਰ ਸਕਦੇ ਹਨ।"[16] ਇਸ ਤੋਂ ਸਿੱਧ ਹੁੰਦਾ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਏਲਚੀ ਜਾਂ ਨਾਮਧਾਰੀ ਪੰਥ ਦੇ ਰਾਜਦੂਤ ਦੇ ਤੌਰ ਤੇ, ਸਾਹਿਬ ਸਿੰਘ ਹੋਰਾਂ ਨੇ ਆਪਣੀ ਲਹਿਰ ਦੇ ਮੰਤਵ ਨੂੰ, ਨੈਪਾਲ ਨਰੇਸ਼ ਪਾਸ ਪੂਰੀ ਸਪਸ਼ਟਤਾ ਨਾਲ ਪੇਸ਼ ਕੀਤਾ।

ਸਤਿਗੁਰਾਂ ਦੇ ਵਿਸ਼ਵਾਸ਼ਪਾਤਰ ਸੂਬੇ ਹੋਣ ਦੇ ਅਨੇਕਾਂ ਪਰਮਾਣਾਂ ਵਿਚੋਂ ਇਕ ਜ਼ਿਕਰ ਫਿਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ ਵਿਚੋਂ ਮਿਲਦਾ ਹੈ। ਪੁਰਾਣੇ ਸਮਿਆਂ ਵਿਚ ਸਿਆਣੇ ਲੋਕ ਕਾਲ ਸੁਕਾਲ ਆਦਿ ਬਿਪਤਾ ਵੇਲੇ ਲਈ ਕੁਝ ਮਾਇਆ ਨੱਪ ਛੱਡਦੇ ਸਨ। ਰੁਪਈਏ ਚਾਂਦੀ ਦੇ ਹੁੰਦੇ ਸਨ। ਉਹ ਖਰਾਬ ਨਹੀਂ ਸਨ ਹੁੰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਇਸੇ ਮਕਸਦ ਹਿਤ-"ਉਹ ਮਾਇਆ ਦੀ ਗਾਗਰ, ਬਾਬੇ ਸਾਹਿਬ ਸਿੰਘ ਜੀ, ਮਹੰਤ ਗੁਰਦਿਤ ਸਿੰਘ ਜੀ ਤੇ ਗੁਰੂ ਹਰੀ ਸਿੰਘ ਜੀ ਨੂੰ ਨਾਲ ਲੈਕੇ ਤਬੇਲੇ 'ਚ ਦੱਬੀ। ਗੁਰੂ ਹਰੀ ਸਿੰਘ ਜੀ ਕਹਿੰਦੇ, "ਜਿਦਣ ਉਹ ਮਾਇਆ ਕੱਢਕੇ ਵਰਤੀ, ਫੇਰ ਅਸੀਂ ਆਖਿਆ, ਹੁਣ ਸੱਚੇ ਪਾਤਸ਼ਾਹ ਕਿਵੇਂ ਬਣੇਗੀ ਖੇਡ ? ਫੇਰ ਪਤਾ ਨਹੀਂ ਕਿਧਰੋਂ ਆਉਂਦੀ ਗਈ, ਸਾਨੂੰ ਨਹੀਂ ਫਿਰ ਪਤਾ ਲਗਿਆ, ਸਤਿਗੁਰਾਂ ਨੇ ਕਿਸ ਤਰ੍ਹਾਂ ਲੰਗਰ ਚਲਾਇਆ।"[17]

ਨਾਮਧਾਰੀ ਪੰਥ ਦੀ ਨੀਂਹ ਸਤਿਗੁਰੂ ਜੀ ਨੇ ਸਬਰ, ਸਿਦਕ, ਸੰਤੋਖ ਆਦਿ ਮਾਨਵੀ ਕਦਰਾਂ ਕੀਮਤਾਂ ਦੇ ਆਧਾਰ ਤੇ ਰੱਖੀ ਸੀ। ਇਹਨਾਂ ਗੁਣਾਂ ਵਿਚ ਸਾਹਿਬ ਸਿੰਘ ਹੋਰਾਂ ਸਮੇਤ ਸਾਰੇ ਸੂਬੇ ਜਾਂ ਉਸ ਵਕਤ ਦੇ ਆਮ ਸਿੱਖ ਸਾਧ ਪਰਪੱਕ ਹਨ। ਐਸਾ ਹੀ ਇਕ ਪਰਸੰਗ ਸਤਿਗੁਰੂ ਪਰਤਾਪ ਸਿੰਘ ਵਰਣਨ ਕਰਦੇ ਹਨ ਜਿਸ ਨਾਲ ਅਨਮਤੀ ਵੀ ਨਾਮਧਾਰੀਆਂ ਵੱਲ ਖਿਚੇ ਤੁਰੇ ਆਉਂਦੇ ਸਨ-"ਇਹ ਸੰਤੋਖ-ਮੈਂ ਅਰਜ਼ ਕਰਾਂ-ਕੀ ਸਤਿਗੁਰੂ ਰਾਮ ਸਿੰਘ ਨੇ ਬਣਾਇਆ ਸੀ। ਮਠੌਂਡੇ ਪਿੰਡ ਵਿਚ ਸੱਚੇ ਪਾਤਸ਼ਾਹ ਗਏ, ਧਰਮਸ਼ਾਲਾ ਵਿਚ ਬੈਠੇ ਹਨ। ਇਕ ਸਿੱਖ ਦੁੱਧ ਦਾ ਛੰਨਾ ਲੈਕੇ ਆਇਆ, ਸਤਿਗੁਰਾਂ ਨੂੰ ਦਿੱਤਾ। ਸਤਿਗੁਰਾਂ ਬਾਬੇ ਸਾਹਿਬ



Namdhari Elibrary NamdhariElibrary@gmail.com

ਸਿੰਘ ਹੁਰਾਂ ਨੂੰ ਫੜਾਇਆ, ਉਹਨਾਂ ਲੱਖਾ ਸਿੰਘ ਹੁਰਾਂ ਨੂੰ ਫੜਾਇਆ, ਬਾਬੇ ਜਵਾਹਰ ਸਿੰਘ ਹੁਰਾਂ ਨੂੰ। ਜਿਉਂ ਘੁੰਮਣ ਲੱਗਾ ਛੰਨਾ, ਇਕ ਦੂਏ ਨੂੰ ਦੇਵੇ, ਦੂਆ ਦੂਏ ਨੂੰ ਦੇਵੇ, ਮੁੜਕੇ ਸਤਿਗੁਰਾਂ ਕੋਲ ਆ ਗਿਆ। ਦੋ ਸਰੀਰ ਆਏ ਹੋਏ ਸੀ-ਵਿਚ, ਨਾਮਧਾਰੀ ਨਹੀਂ ਸਨ, ਜਿਨ੍ਹਾਂ ਨੇ ਭਜਨ ਪੁੱਛ ਲਿਆ। ਉਹਨਾਂ ਆਖਿਆ-ਏਨਾ ਸੰਤੋਖ ਹੈ। ਤੇ ਹੁਣ ਆਪਾਂ ਇਕ ਦੂਏ ਦੇ ਲੀੜੇ ਲਾਹੁਣ ਨੂੰ ਤਿਆਰ ਹੁੰਦੇ ਹਾਂ ਤੇ ਫਿਰ ਨਾਮਧਾਰੀ ਕਹਾਉਂਦੇ ਹਾਂ।"[੧੮]

ਅੰਗਰੇਜ਼ਾਂ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਤਹਿਤ ਪੰਜਾਬ ਵਿਚ ਗਊ ਬੱਧ ਲਈ ਬੁੱਚੜਖਾਨਿਆਂ ਦੀ ਮਨਜ਼ੂਰੀ ਦੇ ਦਿੱਤੀ। ਬੁੱਚੜਖਾਨੇ ਵੀ ਸਿੱਖਾਂ ਦੇ ਵੱਡੇ ਤੀਰਥ ਅੰਮ੍ਰਿਤਸਰ ਤੋਂ ਲੈਕੇ-ਗੁਰ ਇਤਿਹਾਸ ਨਾਲ ਜੁੜੇ ਹੋਰ ਸਥਾਨਾਂ ਰਾਇਕੋਟ ਆਦਿ ਵਿਚ ਵੀ ਖੋਹਲ ਦਿੱਤੇ। ਨਾਮਧਾਰੀਆਂ ਨੇ ਕਿਸੇ ਫਿਰਕੂ ਨਜ਼ਰੀਏ ਤੋਂ ਨਹੀਂ ਸਗੋਂ ਸਰਕਾਰ ਅੰਗਰੇਜ਼ੀ ਨੂੰ ਵੰਗਾਰਨ ਲਈ ਬੁਚੜਖਾਨਿਆਂ ਤੇ ਹਮਲਾ ਬੋਲ ਦਿੱਤਾ। ਸਤਿਗੁਰੂ ਜੀ ਦਾ ਮਾਰਗ ਤਾਂ ਮਾਲਾ ਫੇਰਨ ਵਾਲਾ ਸੀ ਪਰ ਕੁਝ ਸਿੰਘਾਂ ਦਾ ਖਾਲਸਈ ਜੋਸ਼ ਉਬਾਲੇ ਮਾਰ ਉਠਿਆ। ਨਤੀਜੇ ਵਜੋਂ ਅੰਮ੍ਰਿਤਸਰ ਰਾਇਕੋਟ, ਆਦਿ ਥਾਵਾਂ ਤੇ ਨਾਮਧਾਰੀ ਸਿੰਘ ੧੮੭੧ ਈ. ਦੇ ਅਗਸਤ ਸਿਤੰਬਰ ਮਹੀਨਿਆਂ ਵਿਚ ਫਾਂਸੀ ਲਾਕੇ ਸ਼ਹੀਦ ਕਰ ਦਿੱਤੇ ਗਏ। ਰਾਇਕੋਟ ਕਤਲਾਂ ਦੇ ਬਹਾਨੇ ਨਿਰਦੋਸ਼ ਸੂਬਿਆਂ ਗਿਆਨੀ ਸਿੰਘ ਉਰਫ ਰਤਨ ਸਿੰਘ ਮੰਡੀਕਲਾਂ ਅਤੇ ਰਤਨ ਸਿੰਘ ਨਾਈਵਾਲਾ (ਕਰਤਾਰਗੜ੍ਹ) ਨੂੰ ਨਵੰਬਰ ੧੮੭੧ ਈ. ਵਿਚ ਲੁਧਿਆਣੇ ਫਾਂਸੀ ਲਾਕੇ ਸ਼ਹੀਦ ਕਰ ਦਿੱਤਾ। ਰਾਇਕੋਟ ਕਾਂਡ ਵਿਚ ਸਰਕਾਰ ਨੇ ਸਤਿਗੁਰੂ ਜੀ ਨੂੰ ਫਸਾਉਣ ਦੀ ਪੂਰੀ ਵਾਹ ਲਾਈ, ਪਰ ਪੁਖਤਾ ਸਬੂਤ ਨਾ ਮਿਲਣ ਕਾਰਨ, ਕੇਸ ਸਿਰੇ ਨਾ ਚੜ੍ਹਨ ਦੀ ਨਮੋਸ਼ੀ ਦੇ ਡਰੋਂ ਚੁੱਪ ਕਰ ਰਹੇ। ਸਤਿਗੁਰੂ ਜੀ ਨੂੰ ਸਰਕਾਰ ਵਲੋਂ ਰੋਜ਼ ਰੋਜ਼ ਦੀਆਂ ਪਰੇਸ਼ਾਨੀਆਂ ਪੈਦਾ ਕਰਨ ਤੋਂ ਭਾਈ ਹੀਰਾ ਸਿੰਘ ਲਹਿਣਾ ਸਿੰਘ ਸਕਰੌਦੀ ਵਾਲਿਆਂ ਨੇ ਇਕ ਮਸਤਾਨਾ ਦਲ ਜਾਂ ਸ਼ਹੀਦੀ ਜਥਾ ਤਿਆਰ ਕਰਕੇ ਮਰਨਾ ਮੰਡ ਲਿਆ ਸੀ। ਮਲੇਰਕੋਟਲੇ ਵਿਚ ਇਕ ਗੁਰਮੁਖ ਸਿੰਘ ਨਾਮੀ ਸਿੱਖ ਸਾਹਵੇਂ ਉਸ ਨੂੰ ਬੈਲ ਜ਼ਿਬਾਹ ਕਰਕੇ ਅਪਮਾਨਿਤ ਕਰਨ ਦੀ ਘਟਨਾ ਨੇ ਵੀ ਬਲਦੀ ਤੇ ਤੇਲ ਪਾ ਦਿੱਤਾ ਸੀ। ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬੇ ਮਾਰਚ ਅਪ੍ਰੈਲ ੧੮੭੨ ਈ. ਵਿਚ ਇਕ ਸਮੇਂ ਸਰਕਾਰ ਦੇ ਖਿਲਾਫ ਵਿਆਪਕ ਵਿਦਰੋਹ ਦੀ ਯੋਜਨਾ ਬਣਾ ਰਹੇ ਸਨ। ਮਸਤਾਨਿਆਂ ਦੇ ਭਾਰੀ ਗਿਣਤੀ ਵਿਚ ਜਨਵਰੀ ੧੮੭੨ ਈ. ਨੂੰ ਮਾਘੀ ਦੇ ਮੇਲੇ ਤੇ ਭੈਣੀ ਸਾਹਿਬ ਇਕੱਠੇ ਹੋ ਕੇ, ਮਲੇਰਕੋਟਲੇ ਤੇ ਧਾਵਾ ਬੋਲਣ ਦੀ ਕਾਰਵਾਈ ਨੂੰ ਸਤਿਗੁਰੂ ਜੀ ਨੇ ਵੱਡੀ ਯੋਜਨਾ ਦੀ ਅਸਫਲਤਾ ਨਾਲ ਜੋੜ ਕੇ ਵੇਖਦਿਆਂ ਉਹਨਾਂ ਸਿੰਘਾਂ ਨੂੰ ਹਾਲ ਦੀ ਘੜੀ ਸ਼ਸਤਰ ਨਾ ਚੁੱਕਣ ਲਈ ਖੁਦ ਵੀ ਕਿਹਾ ਅਤੇ ਇਸ ਅਤੀ ਮਹੱਤਵਪੂਰਨ ਕਾਰਜ ਲਈ ਸੂਬਾ ਸਾਹਿਬ ਸਿੰਘ ਜੀ ਨੂੰ ਵੀ ਨਿਯੁਕਤ ਕੀਤਾ ਗਿਆ। ਇਸ ਤੋਂ ਪਹਿਲਾਂ ਸੂਬੇ ਲੱਖਾ ਸਿੰਘ ਨੂੰ ਮਸਤਾਨਿਆਂ ਨੇ ਇਹ ਕਹਿ ਕੇ ਵਾਪਸ ਮੋੜ ਦਿੱਤਾ ਸੀ-"ਥੁਆਨੂੰ ਹੋਏਗੀ ਜਗੀਰਾਂ ਦੀ ਲੋੜ"। ਪਤਾ ਤੇ ਸਾਹਿਬ ਸਿੰਘ ਨੂੰ ਵੀ ਸੀ ਕਿ ਖਾਲਸਾ ਚੌਥੇ ਪਦ ਵਿਚ ਖੇਡ ਰਿਹਾ ਹੈ ਪਰ ਬਚਨ ਮੰਨਕੇ ਉਹ ਮਾਨ ਅਪਮਾਨ ਤੋਂ ਨਿਆਰਾ ਹੋ ਕੇ ਚਲਾ ਗਿਆ। "ਬਾਬੇ ਸਾਹਿਬ ਸਿੰਘ ਨੇ ਕਿਹਾ, "ਹੀਰਾ ਸਿੰਘ ਤੇ ਲਹਿਣਾ ਸਿੰਘ ਸੰਗਤ ਕਾ ਪ੍ਰਸਾਦ ਬਣਿਆ ਹੋਇਆ ਹੈ ਨਾ ਗੁਵਾਵੇ।" ਹੀਰਾ ਸਿੰਘ ਨੇ ਕਹਾ ਹੋ ਮਸੰਦਾ! ਖਾਇਕੇ ਪੇਟ ਬਧਾਇਆ ਹੈ। ਜਿਨ੍ਹਾਂ ਚਿਰ ਗਿਆਨੀ ਸਿੰਘ ਕਾ ਬੈਰ ਲੈਂਦੇ ਨਹੀਂ, ਓਨਾ ਚਿਰ ਸਾਨੂੰ ਪ੍ਰਸਾਦਾ ਛਕਨਾ ਭੀ ਹਰਾਮ ਹੈ, ਨਾਲੇ ਗਊਆਂ ਕੇ ਗੱਲ ਬਢੀਦੇ ਹੈਂ, ਛੱਤਰੀ ਕੋ ਪ੍ਰਸਾਦਾ ਛਕਣਾ ਕੈਸੇ ਸੁਝਦਾ ਹੈ। ਮਰੇ ਮਾਰੇ ਬਿਨਾਂ ਕਿਉਂ ਟਲਦਾ ਹੈ। ਅਸੀਂ ਤਾਂ ਗਿਆਨੀ ਸਿੰਘ ਕੀ ਜੰਞ ਚੜ੍ਹਨਾ ਹੈ। ਸਾਹਿਬ ਸਿੰਘ ਸੂਬੇ ਦਾ ਮੂੰਹ ਪੀਲਾ ਹੋਇ ਗਿਆ ਤੇ ਚੁੱਪ ਕਰ ਰਹਿਆ।"[੧੯] ਸਾਹਿਬ ਸਿੰਘ ਕੂਕਾ ਵਿਦਰੋਹ ਦੀ ਸੰਭਾਵਿਤ ਅਸਫਲਤਾ ਤੇ ਹੁਣ ਅਫਸੋਸ ਹੀ ਕਰ ਸਕਦਾ ਸੀ।

੧੫ ਜਨਵਰੀ ਨੂੰ ਸਵੇਰੇ ਮਲੇਰਕੋਟਲੇ ਸਿੰਘਾਂ ਨੇ ਹੱਲਾ ਬੋਲ ਦਿੱਤਾ। ਇਸ ਤੋਂ ਪਹਿਲੀ ਰਾਤ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਸ਼ਸਤਰ ਲੈਣ ਲਈ ਲੜਾਈ ਕੀਤੀ। ੧੬ ਜਨਵਰੀ ਨੂੰ ਇਹ ਸਿੰਘ ਸ਼ੇਰਪੁਰ ਦੇ ਕਿਲੇ ਵਿਚ ਜਾ ਪੇਸ਼ ਹੋਏ। ਇਸੇ ਦਿਨ ਮਲੌਦ ਲੁਧਿਆਣੇ ਦੇ ਡੀ.ਸੀ. ਕਾਵਨ ਨੇ ਸਤਿਗੁਰੂ ਜੀ ਨੂੰ ਸੱਦ ਭੇਜਿਆ। "ਗੁਰੂ ਸਾਹਿਬ ਜੀ ਪੰਜਾਂ ਸਿੰਘਾਂ ਨਾਲ ਚੱਲੇ। ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖਜ਼ਾਨ ਸਿੰਘ ਤੇ ਜੋਗਾ ਸਿੰਘ।.... ਫਰੰਗੀ ਨੇ ਸਤਿਗੁਰੂ ਜੀ ਕਾ ਨਾਮ ਲਿਖਿਆ ਤੇ ਸੂਬਿਆਂ ਦਾ ਕਿਤਾ ਪੁੱਛਿਆ ਕੀ ਕਰਦੇ ਹੋ ? ਬਚਨ ਹੋਇਆ ਇਹਨਾਂ ਦਾ ਭਜਨ ਸੁਨਾਉਣ ਦਾ ਕਿੱਤਾ ਹੈ।"[੨੦]

੧੬ ਜਨਵਰੀ ਦੀ ਰਾਤ ਸਤਿਗੁਰੂ ਜੀ ਨੇ ਉਪਰੋਕਤ ਸਿੰਘਾਂ ਸਮੇਤ ਸਿਆੜ੍ਹ ਪਿੰਡ ਵਿਚ ਬਤੀਤ ਕੀਤੀ। ੧੭ ਜਨਵਰੀ ਨੂੰ



Namdhari Elibrary NamdhariElibrary@gmail.com

ਜਦੋਂ ਮਲੇਰਕੋਟਲੇ ਦੇ ਰੱਕੜ ਵਿਚ ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਜਾ ਰਹੇ ਸਨ, ਉਸ ਸਮੇਂ ਵੀ ਸਤਿਗੁਰੂ ਜੀ ਤੇ ਉਪਰੋਕਤ ਸਿੰਘ ਸਿਆੜ ਵਿਚ ਹੀ ਸਨ। ਹੁਣ ਡੀ.ਸੀ. ਤਾਂ ਮਲੌਦ ਹੀ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਕਹਿ ਗਿਆ ਸੀ ਕਿ ਜਦੋਂ ਸੱਦਾਂਗੇ ਲੁਧਿਆਣੇ ਆ ਜਣਾ। ਸਿਆੜ ਤੋਂ ਭੈਣੀ ਸਾਹਿਬ ਤੁਰਨ ਲੱਗਿਆਂ ਜਵਾਹਰ ਸਿੰਘ, ਸਾਹਿਬ ਸਿੰਘ ਅਤੇ ਕਾਹਨ ਸਿੰਘ ਤਿੰਨਾਂ ਸੂਬਿਆਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਤਿਗੁਰੂ ਜੀ ਵਰ ਦਿੰਦੇ ਹਨ। ਬਾਹੋਵਾਲ ਜੀ ਦੇ ਸ਼ਬਦਾਂ ਵਿਚ-

"ਬਾਬੇ ਜਵਾਹਰ ਸਿੰਘ ਜੀ ਕਹਾ ਸਾਹਿਬ ਸਿੰਘ ਹੁਣ ਕੋਠੜੀ ਦੇ ਵਿਚ ਬੈਠਕੇ ਸ਼ਰਦਾਈ ਨਹੀਂ ਪੀਣੀ ਮਿਲਣੀ। ਹੁਣ ਨਹੀਂ ਸਾਨੂੰ ਤੁਹਾਨੂੰ ਬੈਠਣਾ ਮਿਲਦਾ ਹੈ। ਤੁਰੇ ਆਉਂਦੇ ਹੈਂ, ਰਸਤੇ ਮੇਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਾਹਿਬ ਸਿੰਘ ਸਰਬ ਫੌਜਾਂ ਕਾ ਅਫਸਰ ਹੋਇਆ। ਸਾਹਿਬ ਸਿੰਘ ਕਾ ਅਫ਼ਸਰ ਕਾਹਨ ਸਿੰਘ ਹੋਇਆ। ਨਾਮ ਜਪਣ ਵਾਲਿਆਂ ਦਾ ਤੇ ਗੁੰਥੀਆਂ ਦਾ ਅਫਸਰ ਬਾਬਾ ਜਵਾਹਰ ਸਿੰਘ ਹੋਇਆ।"[21]

੧੭-੧੮ ਜਨਵਰੀ ਦੋਵੇਂ ਦਿਨ ਕੋਟਲੇ ਦੇ ਰੱਕੜ ਵਿਚ ਸਿੰਘਾਂ ਦਾ ਕਤਲਾਮ ਜਾਰੀ ਰਿਹਾ। ਫਿਰ ੧੭-੧੮ ਜਨਵਰੀ ਦੀ ਦਰਮਿਆਨੀ ਰਾਤ ਨੂੰ, ੧੮੧੮ ਦੇ ਬੰਗਾਲ ਰੈਗੂਲੇਸ਼ਨ ਐਕਟ ਦੀ ਧਾਰਾ ਤਿੰਨ ਦੇ ਤਹਿਤ ਸਤਿਗੁਰੂ ਜੀ ਅਤੇ ਸੂਬਿਆਂ ਦੇ ਦੇਸ ਨਿਕਾਲੇ ਦੇ ਹੁਕਮ ਆ ਗਏ। ਬਾਬਾ ਸਾਹਿਬ ਸਿੰਘ ਦੇ ਪੁੱਛਣ ਤੇ ਸਤਿਗੁਰੂ ਜੀ ਨੇ ਉਸਨੂੰ ਪੰਜਾਹ ਸੱਠ ਰੁਪੈ ਨਾਲ ਲੈ ਲੈਣ ਲਈ ਕਿਹਾ। ਗੱਡੇ ਦੀ ਇਸ ਸੁਆਰੀ ਵਿਚ ਸਤਿਗੁਰੂ ਜੀ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਸੇਵਕ ਨਾਨੂੰ ਸਿੰਘ ਅਤੇ ਪੰਜਵਾਂ ਗਾਡੀ ਗੁਰਦਿਤ ਸਿੰਘ ਮੋਰੋਂ (ਜਲੰਧਰ) ਸੀ। ਅੰਬਾਲੇ ਦੇ ਕਮਿਸ਼ਨਰ ਫੋਰਸਿੱਥ ਨੇ ਤਕਰੀਬਨ ਦੋ ਘੰਟੇ ਸਤਿਗੁਰੂ ਜੀ ਨਾਲ ਨਿਰੋਲ ਇਕਾਂਤ ਵਿਚ ਗੱਲਬਾਤ ਕੀਤੀ। ਬਾਹਰ ਆਕੇ ਕਹਿਣ ਲੱਗਾ "ਵੈਲ ਸਾਹਿਬ ਸਿੰਘ ਤੁਮਨੇ ਦੰਗਾ ਕੀਆ?" ਸਾਹਿਬ ਸਿੰਘ ਨੇ ਜੁਆਬ ਦਿੱਤਾ ਕਿ ਤੁਹਾਨੂੰ ਬਰਵਕਤ ਇਤਲਾਹ ਦੇ ਦਿੱਤੀ ਸੀ, ਜੇ ਅਸੀਂ ਹੱਥੀਂ ਕੁਝ ਕਰਦੇ ਤੁਸੀਂ ਕਹਿਣਾ ਸੀ ਕਾਨੂੰਨ ਹੱਥਾਂ ਵਿਚ ਕਿਉਂ ਲਿਆ। ਸਾਹਿਬ ਸਿੰਘ ਹਰ ਸਥਿਤੀ ਵਿਚ ਆਪਣਾ ਸੰਤੁਲਨ ਬਣਾਈ ਰੱਖਣ ਦੇ ਸਮਰੱਥ ਸੀ। ਉਹ ਪੂਰਨ ਬ੍ਰਹਮ ਗਿਆਨੀਆਂ ਜਿਉਂ ਹਰਖ ਸੋਗ ਤੋਂ ਨਿਆਰਾ ਹੋ ਚੁੱਕਾ ਸੀ। ਜਿਸ ਅੰਦੋਲਨ, ਸੰਗਤ ਅਤੇ ਪ੍ਰਾਣ ਪਿਆਰੇ ਦੇਸ਼ ਦੀ ਮਿੱਟੀ ਦੀ ਉਹ ਪੈਦਾਵਾਰ ਸੀ, ਇਸ ਤੋਂ ਅੰਤਿਮ ਵਿਛੋੜੇ ਨੂੰ ਉਸ ਸਹਿਜ ਭਾਵ ਨਾਲ ਸਵੀਕਾਰ ਕੀਤਾ। ਲੰਮੇ ਸਫਰ ਦੇ ਪਾਂਧੀ ਨੂੰ ਰਸਤੇ ਦੀਆਂ ਦੁਸ਼ਵਾਰੀਆਂ ਅਤੇ ਪਿੰਜਰੇ ਵਿਚ ਪਏ ਸ਼ੇਰ ਨੂੰ, ਵੈਰੀ ਦੀਆਂ ਗਿੱਦੜ ਭਬਕੀਆਂ ਡੁਲਾ ਨਹੀਂ ਸੱਕੀਆਂ।

ਗੰਗਾ ਜਮਨਾ ਅਤੇ ਕਲਪਿਤ ਸਰਸਵਤੀ ਦੇ ਸੰਗਮ ਤਟ ਤੇ ਵਸੇ ਹਿੰਦੂਆਂ ਦੇ ਪਵਿਤਰ ਤੀਰਥ ਪਰਿਆਗ ਰਾਜ ਜਿਸ ਨੂੰ ਇਲਾਹਾਬਾਦ ਸ਼ਹਿਰ ਵੀ ਕਿਹਾ ਜਾਂਦਾ ਹੈ ਦੇ ਕਿਲ੍ਹੇ ਵਿਚ, ਪੰਜ ਦਰਿਆਵਾਂ ਦੀ ਧਰਤੀ ਦੇ ਸੂਰਮਿਆਂ ਨੂੰ ਸਤਿਗੁਰੂ ਜੀ ਸਮੇਤ ਕੈਦ ਕਰ ਦਿੱਤਾ ਗਿਆ। ਉਹ ਅਖੀਰ ਜਨਵਰੀ ਤੋਂ ੯ ਮਾਰਚ ਤਕ ਸਤਿਗੁਰੂ ਜੀ ਸਮੇਤ ਇੱਥੇ ਇਕੱਠੇ ਰਹਿੰਦੇ ਹਨ। ਇਲਾਹਾਬਾਦ ਵਿਖੇ ਹੀ ਜੇ.ਡਬਲਯੂ. ਮੈਕਨਬ ਕਮਿਸ਼ਨਰ ਅੰਬਾਲਾ ਨੇ ਸੂਬਿਆਂ ਨਾਲ ਮੁਲਾਕਾਤ ਕਰਕੇ ਉਹਨਾਂ ਦੇ ਬਿਆਨ ਲਏ ਅਤੇ ਉਹਨਾਂ ਦੀਆਂ ਸਜ਼ਾਵਾਂ ਤਜਵੀਜ਼ ਕਰਨ ਬਾਰੇ ਪੰਜਾਬ ਸਰਕਾਰ ਦੀ ਮਾਰਫਤ ਭਾਰਤ ਸਰਕਾਰ ਨੂੰ ਸਿਫਾਰਸ਼ਾਂ ਭੇਜੀਆਂ। ਮੈਕਨਬ ਦੀ ਇਸ ਜਾਂਚ ਪੜਤਾਲ ਮੁਤਾਬਿਕ ਸੂਬਿਆਂ ਵਿਚੋਂ (ਸਰਕਾਰ ਦੀਆਂ ਅੱਖਾਂ ਵਿਚ ਆਪਣੇ ਗੁਣਾਂ ਸਦਕਾ ਰੜਕਣ ਵਾਲਾ) ਪਹਿਲੇ ਨੰਬਰ ਦਾ ਸੂਬਾ ਸਾਹਿਬ ਸਿੰਘ ਹੈ। ਉਹ (ਗੁਰੂ) ਰਾਮ ਸਿੰਘ ਦੇ ਹਾਲੀਆ ਨੈਪਾਲ ਮਿਸ਼ਨ ਵਿਚ ਉਸਦਾ ਸਫੀਰ ਸੀ। ਪੁਲੀਸ ਅਧਿਕਾਰੀਆਂ ਦੇ ਦਸਤਾਵੇਜ਼ਾਂ ਮੁਤਾਬਿਕ ਉਹ "ਰਾਮ ਸਿੰਘ ਦਾ ਸੰਭਾਵਿਤ ਉਤਰਾਅਧਿਕਾਰੀ ਹੈ-ਉਸਦਾ 'ਵਿਸ਼ਵਾਸਪਾਤਰ ਅਤੇ ਗੁੱਝੇ ਭੇਦ ਜਾਨਣ ਵਾਲਾ' ਸੂਬਾ ਹੈ, ਉਹ (ਸਤਿਗੁਰੂ) ਰਾਮ ਸਿੰਘ ਜੀ ਦਾ ਲਫਟੈਣ ਹੈ, ਹਮੇਸ਼ਾਂ (ਗੁਰੂ) ਰਾਮ ਸਿੰਘ ਦੇ ਨਾਲ ਰਹਿਣ ਵਾਲਾ ਹੈ, ਸਾਰੇ ਸੂਬਿਆਂ ਵਿਚੋਂ ਸਭ ਤੋਂ ਵਧ ਜਾਣਿਆ ਜਾਣ ਵਾਲਾ ਹੈ, ਅਤੇ ਮੈਕਨਬ ਦੇ ਮੁਤਾਬਿਕ ਉਹ "ਪੜ੍ਹਿਆ ਲਿਖਿਆ, ਮਹੱਤਵਾਕਾਂਖੀ, ਹਮੇਸ਼ਾਂ ਨਵੀਆਂ ਗੋਂਦਾਂ ਗੁੰਦਣ ਵਾਲਾ ਅਤੇ (ਗੁਰੂ) ਰਾਮ ਸਿੰਘ ਨੂੰ ਕੋਈ ਨਾ ਕੋਈ ਨਵਾਂ ਅੰਦੋਲਨ ਵਿਢਣ ਲਈ ਉਕਸਾਉਣ ਵਾਲਾ ਵੀ ਹੈ। ਉਹ ਮਾਘੀ ਜਾਂ ਲੋਹੜੀ ਦੇ ਅੰਤਿਮ ਮੇਲੇ ਸਮੇਂ ਭੈਣੀ ਸਾਹਿਬ ਵਿਖੇ ਹੀ ਸੀ ਅਤੇ ਉਸਨੂੰ ਹੀਰਾ ਸਿੰਘ ਲਹਿਣਾ ਸਿੰਘ ਆਦਿ ਦੇ ਸ਼ਹੀਦੀ ਜਥੇ ਨੂੰ ਉਕਸਾਉਣ ਵਾਲਾ ਵੀ ਲਿਖਿਆ ਗਿਆ ਹੈ, ਜਦੋਂ ਮਸਤਾਨੇ ਬੇਕਾਬੂ ਹੋ ਰਹੇ ਸਨ ਤਾਂ ਸਰਕਾਰ ਪਾਸ ਇਹ ਵੀ ਸੂਚਨਾ ਹੈ ਕਿ ਸਾਹਿਬ ਸਿੰਘ ਨੇ ਗੁਰੂ ਰਾਮ ਸਿੰਘ ਜੀ ਨਾਲ ਹੋਰਨਾਂ ਸੂਬਿਆਂ ਸਮੇਤ ਇਕ ਗੁਪਤ ਮੀਟਿੰਗ ਕਰਕੇ ਉਹਨਾਂ ਨੂੰ ਬੇਨਤੀ ਕੀਤੀ



Namdhari Elibrary NamdhariElibrary@gmail.com

ਕਿ ਉਹ ਖੁਦ ਨੂੰ ਪਾਤਸ਼ਾਹ ਘੋਸ਼ਿਤ ਕਰਕੇ "ਆਪਣਾ ਰਾਜ ਵਾਪਸ ਲੈਣ" ਦਾ ਐਲਾਨ ਕਰ ਦੇਣ। ਜੇ ਇਹਨਾਂ ਹਾਲਤਾਂ ਵਿਚ ਸਾਹਿਬ ਸਿੰਘ ਹੋਰਾਂ ਦੀ ਇਹ ਯੋਜਨਾ ਮੰਨ ਲਈ ਜਾਂਦੀ ਤਾਂ ਸ਼ਾਇਦ ਇਸ ਦੇ ਦੂਰ ਰਸ ਨਤੀਜੇ ਨਿਕਲਦੇ ਪਰ ਬਾਬੇ ਜਵਾਹਰ ਸਿੰਘ ਹੋਰਾਂ ਦਾ ਵਿਚਾਰ ਸੀ ਕਿ "ਕੱਚੀ ਵਛੇਰੀ ਦਾ ਲੱਕ ਨਾ ਤੋੜਿਆ ਜਾਏ।" ਮੈਕਨਬ ਇਹ ਵੀ ਲਿਖਦਾ ਹੈ ਕਿ ਜੇ ਸਾਹਿਬ ਸਿੰਘ ਨੂੰ ਕਦੇ ਵੀ ਪੰਜਾਬ ਵਿਚ ਵਾਪਸ ਭੇਜਿਆ ਗਿਆ ਤਾਂ ਕੂਕਾਵਾਦ ਫਿਰ ਜਾਗ੍ਰਿਤ ਹੋ ਜਾਏਗਾ ਸਾਡੇ ਲਈ ਮੁਸੀਬਤ ਖੜਾ ਹੋਵੇਗਾ। ਇਸ ਲਈ ਇਸ ਵਿਅਕਤੀ ਨੂੰ ਤਾ ਉਮਰ ਦੇਸੋਂ ਬਾਹਰ ਰੱਖਿਆ ਜਾਵੇ। ਮੈਕਨਬ ਆਪਣੀ ਪਹਿਲੀ ਰਿਪੋਰਟ ਵਿਚ ਸਾਹਿਬ ਸਿੰਘ ਨੂੰ "ਬੁੱਧੀਮਾਨ, ਚਤੁਰ, ਦਰਿੜ੍ਹ ਨਿਸ਼ਚੇ ਵਾਲਾ ਅਤੇ ਸੂਬਿਆਂ ਵਿਚੋਂ ਸਭ ਤੋਂ ਯੋਗ" ਲਿਖਦਾ ਹੈ ਜੋ ਕਿ ਆਪਣੇ ਬਿਆਨਾਂ ਮੁਤਾਬਿਕ ਬਚਪਨ ਅਤੇ ਜੁਆਨੀ ਦੇ ਕੁਝ ਸਮੇਂ ਉਦਾਸੀ ਸਾਧ ਵੀ ਰਿਹਾ ਅਤੇ ਬ੍ਰਹਮਾ ਸਿੰਘ ਨਾਲ ਮੁਕਤਸਰ ਮਾਘੀ ਦੇ ਕਿਸੇ ਮੇਲੇ ਤੇ ਮਿਲਕੇ ਗੁਰੂ ਬਾਲਕ ਸਿੰਘ ਜੀ ਪਾਸ ਨਾਮ ਦਾਨ ਲਈ ਗਿਆ ਸੀ ਅਤੇ ਛੇਤੀ ਹੀ ਫਿਰ ਸ੍ਰੀ ਭੈਣੀ ਸਾਹਿਬ ਚੀਨੀ ਨਾਥ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ ਸੀ। ਇਸ ਲਈ ਉਸਦੀ ਤਾ ਉਮਰ ਨਜ਼ਰਬੰਦੀ ਨੂੰ ਉਚਿਤ ਠਹਿਰਾਉਂਦਿਆਂ ਸਰਕਾਰੀ ਰੀਕਾਰਡ ਵਿਚ ਦਰਜ ਹੈ ਕਿ ਇਹੋ ਸੁਝਾਅ ਦਰੁਸਤ ਹੈ (ਸਾਹਿਬ ਸਿੰਘ ਬਾਰੇ)। "ਬੰਦਾ ਖਤਰਨਾਕ ਹੈ। ਅਤੇ ਜਿਵੇਂ ਕਿ ਪੰਜਾਬ ਵਿਚ ਆਮ ਤੌਰ ਤੇ ਲੋਕ 'ਅਨਜਾਣ' ਹਨ ਅਤੇ ਉਹ 'ਕੱਟੜਵਾਦ' ਤੋਂ ਪ੍ਰਭਾਵਿਤ ਹਨ, ਇਸ ਲਈ ਇਹਨਾਂ ਹਾਲਤਾਂ ਵਿਚ ਸਾਹਿਬ ਸਿੰਘ ਪਾਸ ਕਾਫੀ ਜਲਣਸ਼ੀਲ ਸਮੱਗਰੀ ਮੌਜੂਦ ਰਹੇਗੀ। ਜਿਹਨੂੰ ਉਹ ਕਦੇ ਵੀ ਤੀਲੀ ਲਾ ਸਕਦਾ ਹੈ। ਇਸ ਕੂਕਾ ਪੰਥ ਦੇ ਕ੍ਰਿਆਸ਼ੀਲ ਅਤੇ ਸਿਆਸੀ ਭਾਗ ਦਾ ਉਹ ਨਿਸ਼ਚੇ ਹੀ ਮੁੱਖ ਆਗੂ ਹੈ।"[11] ਕੈਪਟਨ ਮੈਨਜ਼ੀਜ ਨਾਂ ਦੇ ਇਕ ਅਧਿਕਾਰੀ ਨੇ ਇੱਥੋਂ ਤਕ ਲਿਖਿਆ ਹੈ ਕਿ ਸਾਹਿਬ ਸਿੰਘ ਨੂੰ ਕੂਕਿਆਂ ਵਿਚ ਗੁਰੂ ਰਾਮ ਸਿੰਘ ਨਾਲੋਂ ਵੀ ਵਧ ਸੁਣਿਆ ਜਾਂਦਾ ਹੈ। ਇਸ ਦਾ ਮਤਲਬ ਉਸ ਦੀ ਗੁਰੂ ਤੋਂ ਨਾਬਰੀ ਨਹੀਂ ਸਗੋਂ ਇਹ ਗੁਰੂ ਕਿਰਪਾ ਸੀ ਜਿਸਨੇ ਆਮ ਲੋਕਾਂ ਵਿਚ ਆਪਣੇ ਜਿਹੇ ਮੀਰੀ ਗੁਣ ਪੈਦਾ ਕਰ ਦਿੱਤੇ ਸਨ। ਸਾਹਿਬ ਸਿੰਘ ਦੀ ਮਹਾਂ-ਪ੍ਰਤਿਭਾ ਨੂੰ ਬਿਆਨਣ ਲਈ ਸਾਡੇ ਦੁਸ਼ਮਣ ਤਤਕਾਲੀ ਹਾਕਮਾਂ ਤੋਂ ਵਧੇਰੇ ਹੋਰ ਕੌਣ ਜਾਣੂ ਹੋ ਸਕਦਾ ਸੀ। ਇਸ ਲਈ ਉਹਨੂੰ ਲੱਖਾ ਸਿੰਘ, ਕਾਹਨ ਸਿੰਘ ਆਦਿ ਸੂਬਿਆਂ ਜਿਉਂ ਤਾ ਉਮਰ ਨਜ਼ਰਬੰਦ ਰੱਖਣ ਦੀ ਸਿਫਾਰਸ਼ ਕੀਤੀ। ਉਹਨਾਂ ਤਿੰਨਾਂ ਨੂੰ ਵੀ ਸਤਿਗੁਰੂ ਜੀ ਜਿਉਂ ਹਿੰਦੁਸਤਾਨ ਵਿਚ ਕਿਤੇ ਵੀ ਨਾ ਰੱਖਣ ਦੀ ਵੀ ਸਿਫਾਰਸ਼ ਕੀਤੀ ਗਈ। ਇਸ ਲਈ ਪੁਰਾਣੇ ਮਿਤਰਾਂ ਕਾਹਨ ਸਿੰਘ ਨਿਹੰਗ ਅਤੇ ਸਾਹਿਬ ਸਿੰਘ ਨੂੰ ਮੱਕੇ ਵਾਲੇ ਪਾਸੇ ਅਦਨ ਵਿਖੇ ਭੇਜਿਆ ਗਿਆ। ਇਕ ਹੋਰ ਕਾਰਨ ਇਹ ਵੀ ਸੀ ਕਿ ਕਾਹਨ ਸਿੰਘ ਬਜ਼ੁਰਗ ਸੀ ਅਤੇ ਉਸਦੀ ਸੰਗਤ, ਯੁਵਾ ਸੂਬੇ ਦੇ ਹਿਰਦੇ ਵਿਚ ਭੜਕਦੀਆਂ ਕ੍ਰਾਂਤੀ ਦੀਆਂ ਚਿੰਗਾਰੀਆਂ ਨੂੰ ਕਦੇ ਕਦੇ ਬਜ਼ੁਰਗੀ ਦੇ ਬਚਨਾਂ ਨਾਲ ਸ਼ਾਂਤ ਕਰਨ ਦੇ ਸਮਰੱਥ ਵੀ ਹੋਵੇਗੀ।

ਸਤਿਗੁਰੂ ਜੀ ਨਾਲ ਜਿਹੜੇ ੧੦ ਸੂਬੇ ਹੋਰ ਨਜ਼ਰਬੰਦ ਕੀਤੇ ਸਨ, ਉਹਨਾਂ ਵਿਚੋਂ ਸਾਹਿਬ ਸਿੰਘ ਹੋਰਾਂ ਦਾ ਵੱਡਾ ਭਾਈ ਰੂੜ ਸਿੰਘ ਵੀ ਸੀ। ਮੈਕਨਬ ਨੇ ਉਸਨੂੰ ਸਿਰਫ ਦੋ ਸਾਲ ਲਈ ਨਜ਼ਰਬੰਦ ਰੱਖਣ ਲਈ ਸਿਫਾਰਸ਼ ਕੀਤੀ ਸੀ। ਜਦਕਿ ਕੁਝ ਹੋਰ ਅੰਗਰੇਜ਼ ਅਧਿਕਾਰੀ ਉਸਦੀ ਰਹਾਇਸ਼ ਪਰਿਵਾਰ ਸਮੇਤ ਅੰਮ੍ਰਿਤਸਰ ਸ਼ਹਿਰ ਵਿਚ ਹੋਣ ਕਾਰਨ, ਉਸਨੂੰ ਅੰਮ੍ਰਿਤਸਰ ਬੁੱਚੜ ਬੱਧ ਦੇ ਸਾਕੇ ਵਿਚ ਸਿੰਘਾਂ ਨੂੰ ਉਕਸਾਉਣ ਵਾਲਿਆਂ ਵਿਚ ਗਿਣਦੇ ਸਨ। ਇਹ ਰੂੜ ਸਿੰਘ ਅਸੀਰ ਗੜ ਕਿਲੇ ਵਿਚ, ਮਲੂਕ ਸਿੰਘ ਅਤੇ ਪਹਾੜਾ ਸਿੰਘ ਨਾਲ ਨਜ਼ਰਬੰਦ ਕੀਤੇ ਗਏ ਸਨ। ਸੂਬਾ ਜਵਾਹਰ ਸਿੰਘ, ਬ੍ਰਹਮਾ ਸਿੰਘ ਅਤੇ ਲੱਖਾ ਸਿੰਘ ਨੂੰ ਬ੍ਰਿਟਿਸ਼ ਬਰਮਾ ਦੇ ਮੌਲਮੀਨ ਵਿਖੇ ਪੁਚਾਇਆ ਗਿਆ। ਸੂਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਜੀ ਨੂੰ ਚੁਨਾਰ ਦੇ ਕਿਲੇ ਵਿਚ ਰਖਿਆ ਗਿਆ। ਰੂੜ ਸਿੰਘ ਵੀ ਆਪਣੇ ਭਾਈ ਸਾਹਿਬ ਸਿੰਘ ਜਿਉਂ ਨਜ਼ਰਬੰਦੀ ਵਿਚ ਹੀ ਅਕਾਲ ਚਲਾਣਾ ਕਰ ਕੇ ਮਾਤਰੀ ਭੂਮੀ ਦੇ ਸ਼ਹੀਦਾਂ ਦੀ ਸੂਚੀ ਵਿਚ ਨਾਂ ਦਰਜ ਕਰਵਾ ਗਏ। ਉਹਨਾਂ ਦੇ ਪਰਿਵਾਰ ਦੇ ਬਾਕੀ ਜੀਅ ਅੰਮ੍ਰਿਤਸਰ ਅਤੇ ਰਾਵਲਪਿੰਡੀ ਵਿਚ ਰਹਿੰਦੇ ਰਹੇ ਸਨ। ਸਾਹਿਬ ਸਿੰਘ ਹੋਰਾਂ ਦੇ ਸਭ ਤੋਂ ਛੋਟੇ ਭਰਾਤਾ ਹੀਰਾ ਸਿੰਘ ਵੀ ਬਹੁਤ ਸਾਧੂ ਸੁਭਾਉ ਅਤੇ ਕੂਕਾ ਕਾਰ ਦੀ ਰੰਗਣਾਂ ਵਿਚ ਰੰਗੇ ਹੋਏ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਦਾ, ਸਤਿਜੁਗ ਦੀ ੧੯੩੬ ਈ. ਵਿਚ ਜ਼ਬਤੀ ਦਾ ਕਾਰਨ ਬਣਿਆ ਵਿਸ਼ੇਸ਼ ਬਸੰਤ ਅੰਕ, ਜਿਸ ਵਿਖਿਆਤ ਰਚਨਾ 'ਅਪੂਰਵ ਬਲੀਦਾਨ' ਦੇ ਕਾਰਨ ਸੀ, ਉਸ ਦਾ ਅਰੰਭ ਸੰਤ ਜੀ ਭੈਣੀ ਸਾਹਿਬ ਵਿਖੇ ਭਾਈ ਹੀਰਾ ਸਿੰਘ ਅਤੇ ਸੂਬਾ ਸਾਹਿਬ ਸਿੰਘ ਨਿਰਬਾਣ ਦੇ ਵਾਰਤਾਲਾਪ ਨਾਲ ਕਰਦੇ ਹਨ। ਆਪਣੇ ਇਕ ਮਾਝੇ ਦੇ ਦੌਰ ਸਮੇਂ ਸਤਿਗੁਰੂ ਪਰਤਾਪ ਸਿੰਘ ਜੀ ਨੇ



Namdhari Elibrary NamdhariElibrary@gmail.com

ਬੰਗਾਲੀਪੁਰ ਵਿਖੇ ਹੀਰਾ ਸਿੰਘ ਹੋਰਾਂ ਨੂੰ ਦਰਸ਼ਨ ਦਿੱਤੇ ਸਨ ਅਤੇ ਰਾਮ-ਵਿਓਗੀਆਂ ਵਾਲੀ ਉਸ ਮਨੋਦਸ਼ਾਂ ਦਾ ਵੀ ਬਖੂਬੀ ਚਿਤਰਣ ਹੈ ਆਪ ਦੇ ਰੀਕਾਰਡ ਹੋਏ ਉਪਦੇਸ਼ ਵਿਚ-ਆਸ਼ਕਾਂ ਦੀਆਂ ਨਿਸ਼ਾਨੀਆਂ ਕੀ ਕੀ ਹਨ ਦੇ ਸੰਦਰਭ ਵਿਚ ਕਰਦੇ ਹਨ-

"ਬਾਬਾ ਸਾਹਿਬ ਸਿੰਘ ਹੁਰੀਂ... ਬੰਗਾਲੀਪੁਰ ਦਾ ਜਨਮ ਸੀ, ਸਤਿਗੁਰਾਂ ਦੇ ਖ਼ਾਸ ਸੂਬੇ ਸੀ;...ਅੰਗਰੇਜ਼ ਨੇ ਭੀ ਲਿਖਿਆ ਹੈ ਕਿ ਇਸਦੇ ਦਿਮਾਗ ਨੂੰ ਅਸੀਂ ਨਹੀਂ ਸਮਝ ਸੱਕੇ ਕਿ ਕਿੰਨਾ ਇਹ ਸਿਆਣਾ ਹੈ। ਉਨ੍ਹਾਂ ਦੇ ਛੋਟੇ ਭਾਈ, ਗਰਮੀ ਦੀ ਰੁੱਤ, ਬਾਬਾ ਹੀਰਾ ਸਿੰਘ ਜੀ ਬੰਗਾਲੀਪੁਰ, ਤਰਨਤਾਰਨ ਦੇ ਪਾਸ ਨਗਰ ਹੈ-ਗਏ, ਹਲਕਾ ਜਿਹਾ ਸਰੀਰ, ਸਾਉਲਾ ਰੰਗ, ਪਉਏ ਪਾਏ ਹੋਏ। ਐਸ ਵੇਲੇ ਅਸੀਂ ਗਏ। ਆਏ-ਅੱਛਾ! ਕਹਿ ਗਏ ਸੀ ਆਵਾਂਗੇ-ਹਉਕੇ ਤੇ ਹਉਕਾ, ਆਹ ਸਰਦੇ।"[23]

ਸਰਕਾਰ ਬਰਤਾਨੀਆਂ ਦੇ ਕੱਟੜ ਵੈਰੀ ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ੨੪ ਮਾਰਚ ੧੮੭੩ ਈ. ਨੂੰ ਅਦਨ ਪੁੱਜੇ ਸਨ। ਇੱਥੇ ਗਰਮੀ ਏਨੀ ਸੀ ਕਿ ਰੁੱਖ ਦਾ ਪੱਤਾ ਨੰਗੇ ਪਿੰਡੇ ਤੇ ਪਵੇ ਤਾ ਸਰੀਰ ਸੜਦਾ ਸੀ। ਇੱਥੇ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਕਮਰਿਆਂ ਵਿਚ ਇਹਨਾਂ ਨੂੰ ਰੱਖਿਆ ਗਿਆ। ਦੋਹਾਂ ਸੂਬਿਆਂ ਤੇ ਉਸ ਸਮੇਂ ਸਰਕਾਰ ਦਾ ਮਾਸਿਕ ਖਰਚਾ ੧੦੨ ਰੁਪੈ ਹੁੰਦਾ ਸੀ। ਇੱਥੇ ਇਹ ਦੋਵੇਂ ਸੂਬੇ ਢਿੱਲੇ ਰਹਿਣ ਲੱਗ ਪਏ। ਕਾਹਨ ਸਿੰਘ ਦੇ ਸਰੀਰ ਤੇ ਫੋੜੇ ਨਿਕਲ ਆਏ ਅਤੇ ਅੱਖਾਂ ਵੀ ਖਰਾਬ ਹੋ ਗਈਆਂ। ਅਦਨ ਦੇ ਜਿਹਲ ਸੁਪਰੀਡੈਂਟ ਨੇ ਦੋਹਾਂ ਦੀ ਖਰਾਬ ਸਿਹਤ ਬਾਰੇ ਭਾਰਤ ਸਰਕਾਰ ਨੂੰ ੨ ਜਨਵਰੀ ੧੮੭੫ ਈ. ਨੂੰ ਲਿਖ ਭੇਜਿਆ ਜਿਸ ਤੇ ਗਵਰਨਰ ਜਨਰਲ ਨੇ ਇਲਾਹਬਾਦ ਤੋਂ ਜਿਨਾਂ ਪੰਜਾਬੋਂ ਬਾਹਰ ਕਿਤੇ ਵੀ ਭੇਜਣ ਲਈ ਕਹਿ ਦਿੱਤਾ ਅਤੇ ਹਜ਼ਾਰੀ ਬਾਗ ਦੀ ਸਿਫਾਰਸ਼ ਵੀ ਕੀਤੀ। ਸੋ ਮਈ ੧੮੭੫, ਵਿਚ ਦੋ ਦੇ ਦੇਸੀ ਸਿਪਾਹੀਆਂ ਨਾਲ ਦੋਵੇਂ ਸੂਬੇ ਹਜ਼ਾਰੀ ਬਾਗ ਜਿਹਲ ਵਿਚ ਭੇਜ ਦਿੱਤੇ, ਜੋ ਅੱਜਕੱਲ੍ਹ ਝਾਰਖੰਡ ਰਾਜ ਵਿਚ ਹੈ। ਇਸ ਜਿਹਲ ਦੇ ਸੁਪਰਟੈਂਡੈਂਟ ਦੀ ੨੧ ਮਈ ੧੮੭੫ ਦੀ ਚਿਠੀ ਮੁਤਾਬਿਕ ਸਾਹਿਬ ਸਿੰਘ ਸ਼ੱਕਰ ਰੋਗ ਤੋਂ ਪੀੜਤ ਸੀ ਅਤੇ ਰੋਗ ਬਹੁਤ ਵਧ ਚੁੱਕਾ ਸੀ। ਇਹਨਾਂ ਸੂਬਿਆਂ ਨੇ ਭਾਰਤ ਸਰਕਾਰ ਨੂੰ ਲਿਖਿਆ ਕਿ ਉਹਨਾਂ ਨੂੰ ਮੌਲਮੀਨ ਭੇਜ ਦਿੱਤਾ ਜਾਵੇ ਜਿੱਥੇ ਉਹਨਾਂ ਦੇ ਤਿੰਨ ਹੋਰ ਸਾਥੀ ਸੂਬੇ ਕੈਦ ਕੱਟ ਰਹੇ ਸਨ। ਪਰ ਦੁਸ਼ਮਣਾਂ ਦੇ ਹੱਥੋਂ ਕਿਸੇ ਰਿਆਇਤ ਦੀ ਗੁੰਜਾਇਸ਼ ਕਦੋਂ ਹੁੰਦੀ ਹੈ। ਹਜ਼ਾਰੀ ਬਾਗ ਜਿਹਲ ਦੇ "ਯੂਰਪੀਨ ਪ੍ਰਾਸ਼ਚਿਤ ਗ੍ਰਿਹਿ" ਵਿਖੇ ੧੬-੧੬ ਕੋਠੜੀਆਂ ਦੀਆਂ ਦੋ ਕਤਾਰਾਂ ਸਨ। ਇਕ ਪਾਸੇ ਇਕੱਲੇ ਕਾਹਨ ਸਿੰਘ ਨੂੰ ਅਤੇ ਦੂਜੇ ਪਾਸੇ ਸਾਹਿਬ ਸਿੰਘ ਨੂੰ ਇਕੱਲਿਆਂ ਰੱਖਿਆ ਜਾ ਰਿਹਾ ਸੀ। ਸਰਕਾਰ ਨੇ ਏਨੀ ਫਰਾਖ ਦਿਲੀ ਵੀ ਨਾ ਵਖਾਈ ਕਿ ਹੁਣ ਜਦੋਂ ਇਹ ਸ਼ਾਹੀ ਕੈਦੀ ਘੜੀਆਂ ਪਲਾਂ ਦਾ ਪਰਾਹੁਣਾ ਹੈ ਤਾਂ ਇੱਥੇ ਹੀ ਇਸਦੇ ਸੰਗੀ ਕਾਹਨ ਸਿੰਘ ਨੂੰ ਇਸ ਦੇ ਨਾਲ ਦੀ ਕੋਠੜੀ ਵਿਚ ਟਿਕਾ ਦਈਏ ਜਿੱਥੇ ਉਹ ਕਦੇ ਬਚਨ ਬਲਾਸ ਕਰ ਕੇ ਦਿਲ ਦੀ ਭੜਾਸ ਕੱਢ ਲੈਣ। ਸੁਵਰਨ ਸਿੰਘ ਸਨੇਹੀ ਦੇ ਸ਼ਬਦਾਂ ਵਿਚ "ਸਾਹਿਬ ਸਿੰਘ ਦੀ ਸਿਹਤ ਦਿਨੋਂ ਦਿਨ ਹੋਰ ਵਿਗੜਦੀ ਜਾ ਰਹੀ ਸੀ ਪਰ ਕੋਈ ਆਪਣੀ ਕਾਰਗੁਜ਼ਾਰੀ ਕਰਨ ਦੀ ਥਾਂ ਸਰਕਾਰੀ ਮਸ਼ੀਨਰੀ ਸਿਫਾਰਸ਼ਾਂ ਤੱਕ ਹੀ ਸੀਮਤ ਰਹੀ ਜਾਪਦੀ ਹੈ। ਹੋ ਸਕਦਾ ਹੈ ਇਹ ਜਾਣ ਬੁੱਝ ਕੇ ਅਪਣਾਈ ਗਈ ਨੀਤੀ ਦਾ ਸਿੱਟਾ ਹੀ ਹੋਵੇ। ਇਸ ਨੀਤੀ ਦਾ ਸ਼ਿਕਾਰ ਹੋ ਕੇ ਹੀ, ਨਾਮਧਾਰੀ ਪੰਥ ਦਾ ਇਹ ਨਿਧੜਕ ਜਰਨੈਲ, ਸੂਬਾ ਸਾਹਿਬ ਸਿੰਘ, ਹਜ਼ਾਰੀ ਬਾਗ ਦੀ...ਜੇਲ੍ਹ ਵਿਚ ਹੀ ੧੦ ਜੂਨ ੧੮੭੯ ਨੂੰ ਦਮ ਤੋੜ ਗਿਆ।"[24]

ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਉਹ ਇਸ ਕਦਰ ਖੁਭਿਆ ਸੀ ਕਿ ਉਸਨੂੰ ਵਿਆਹ ਕਰਵਾ ਕੇ ਗ੍ਰਿਹਸਤ ਸੁਖ ਭੋਗਣ ਦਾ ਕਦੇ ਫੁਰਨਾ ਤੱਕ ਵੀ ਨਹੀਂ ਆਇਆ। ਕੂਕਾ ਅੰਦੋਲਨ ਦੀ ੧੫੦ਵੀਂ ਵਰ੍ਹੇ ਗੰਢ ਵਿਖੇ ਪੰਜਾਬ ਅਤੇ ਝਾਰਖੰਡ ਸਰਕਾਰਾਂ ਨੂੰ ਇਸ ਮਹਾਨ ਧਰਤੀ ਪੁੱਤਰ ਦੀਆਂ ਬੰਗਾਲੀਪੁਰ ਅਤੇ ਹਜ਼ਾਰੀ ਬਾਗ ਵਿਖੇ ਢੁੱਕਵੀਆਂ ਯਾਦਗਾਰਾਂ ਬਨਾਉਣੀਆਂ ਚਾਹੀਦੀਆਂ ਹਨ। ਅੰਤ ਵਿਚ ਅਸੀਂ ਵਰਿਆਮ ਦੇ ਉਪਰੋਕਤ ਵਿਸ਼ੇਸ਼ ਅੰਕ ਦੇ ਮੁੱਖ ਪੰਨੇ ਤੇ ਅੰਕਿਤ ਕਾਵਿ ਸਤਰਾਂ ਨਾਲ ਇਤਿਹਾਸ ਦੇ ਇਸ ਅਮਰ ਪਾਤਰ ਦੀ ਗਾਥਾ ਸਮੇਟਦੇ ਹਾਂ-

"ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿਟੀ ਕਰੇ,<br>
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ।<br>
ਮਿਟ ਗਏ ਜੋ ਵਤਨ ਦੀ ਇਜ਼ਤ ਲਈ,<br>
ਯਾਦ ਓਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ।"

ਫੁੱਟ ਨੋਟ :

1. ਲਾਲ ਏਹਿ ਰਤਨ (ਭਾਗ-੩)-ਸ੍ਰੀ ਭੈਣੀ ਸਾਹਿਬ-ਸਫਾ ੨੮੪
2. ਪ੍ਰਾਚੀਨ ਪੰਥ ਪਰਕਾਸ਼-ਸ੍ਰੀ ਅੰਮ੍ਰਿਤਸਰ-ਪੰਜਵੀਂ ਛਾਪ



Namdhari Elibrary NamdhariElibrary@gmail.com

ਅਕਤੂਬਰ ੧੯੮੨ ਸਫਾ ੩੯-੪੦
3. ਸਤਿਗੁਰੂ ਬਿਲਾਸ ਭਾਗ ੧-ਸ੍ਰੀ ਭੈਣੀ ਸਾਹਿਬ ੨੦੦੨ ਈ. ਸਫਾ ੨੮੩
4. ਉਪਰੋਕਤ- ਸਫਾ ੧੩੪
5. ਲਾਲ ਏਹਿ ਰਤਨ (ਭਾਗ-੩) ਸਫਾ ੨੮੩-੮੪
6. ਸਤਿਗੁਰੂ ਬਿਲਾਸ-੧ ਸਫਾ ੧੬੫
7. ਉਪਰੋਕਤ-ਸਫਾ ੧੮੧
8. ਜੁੱਗ ਪਲਟਾਊ ਸਤਿਗੁਰੂ-ਦਿੱਲੀ-ਜਨਵਰੀ ੧੯੪੭ ਸਫਾ ੮੩-੮੪
9. ਉਪਰੋਕਤ-ਸਫਾ ੮੨-੮੩
10. ਉਪਰੋਕਤ-ਸਫਾ ੧੧੦
11. ਸਤਿਗੁਰੂ ਬਿਲਾਸ-੧-ਸਫਾ ੨੬੧
12. ਉਪਰੋਕਤ-ਸਫਾ ੨੯੮
13. ਉਪਰੋਕਤ-ਸਫਾ ੩੬੨
14. ਉਪਰੋਕਤ-ਸਫਾ ੩੬੭
15. ਲਾਲ ਏਹਿ ਰਤਨ-੨-ਸ੍ਰੀ ਭੈਣੀ ਸਾਹਿਬ ੧੯੯੯ ਈ ਸਫਾ ੧੮੩
16. ਕੂਕਾ ਮੂਵਮੈਂਟ-ਫੌਜਾ ਸਿੰਘ ਬਾਜਵਾ-ਦਿਲੀ ੧੯੬੫ ਸਫਾ ੧੩੬-੧੩੭
17. ਲਾਲ ਏਹਿ ਰਤਨ-੪ ਸਫਾ ੬੪
18. ਲਾਲ ਏਹਿ ਰਤਨ-੩- ਸਫਾ ੨੭੯
19. ਸਤਿਗੁਰੂ ਬਿਲਾਸ-੧-ਸਫਾ ੪੫੮
20. ਉਪਰੋਕਤ- ਸਫਾ ੪੭੨
21. ਉਪਰੋਕਤ- ਸਫਾ ੪੭੬
22. ਰੀਬੈਲਜ਼ ਅਗੇਂਸਟ ਦੀ ਬ੍ਰਿਟਿਸ਼ (ਨਾਹਰ ਸਿੰਘ ਕਿਰਪਾਲ ਸਿੰਘ ਸੰਪਾਦਕ) ਦਿਲੀ ੧੯੮੯ ਸਫਾ ੫੨੩-੫੨੪
23. ਲਾਲ ਏਹਿ ਰਤਨ-੩ ਸਫਾ ੩੪੭
24. ਵਰਿਆਮ-ਜਲੰਧਰ-ਸੂਬਾ ਸਾਹਿਬ ਸਿੰਘ ਵਿਸ਼ੇਸ ਅੰਕ-ਨਵੰਬਰ ੧੯੭੯ ਸਫਾ ੨੪।

ਕਰੀਵਾਲਾ (ਸਿਰਸਾ)
੯-੮-੨੦੦੭

---

# ਮਾਰ ਉਡਾਰੀ ਪੰਛੀ ਉਡ ਗਿਆ ਫੇਰ ਘਰ ਨਾ ਆਇਆ।

*—ਹਰਭਜਨ ਸਿੰਘ ਬਾਜਵਾ*

ਮੇਰੀ ਦਲਬੀਰ ਸਿੰਘ ਨਾਲ ਨੇੜਤਾ ਉਸ ਵਕਤ ਹੋਈ ਸੀ। ਜਦੋਂ ਉਸਨੇ ਨਵੇਂ ਜ਼ਮਾਨੇ ਵਿਚ ਪਤਰਕਾਰੀ ਸ਼ੁਰੂ ਕੀਤੀ ਸੀ। ਉਹ ਵੀ ਸ੍. ਗੁਰਬਖਸ਼ ਸਿੰਘ ਬੇਨ੍ਹੰਆਣੇ ਨੇ ਕਰਵਾਈ ਸੀ। ਉਸ ਤੋਂ ਬਾਦ ਏਹ ਨੇੜਤਾ ਆਪਣੇ ਆਪ ਹੀ ਹੁੰਦੀ ਗਈ ਸੀ। ਜਦੋਂ ਮੈਂ ਫੋਟੋਗਰਾਫੀ ਦੇ ਖੇਤਰ ਵਿਚ ਆਇਆ ਸੀ ਤਾਂ ਫੇਰ ਮੇਰਾ ਪ੍ਰੈਸ ਫੋਟੋਗਰਾਫੀ ਨਾਲ ਵਾਹ ਪਿਆ। ਉਸ ਵਕਤ ਸਾਰੇ ਸਾਹਿਤਕਾਰਾਂ ਤੇ ਪਤਰਕਾਰਾਂ ਨਾਲ ਨੇੜਤਾ ਹੁੰਦੀ ਗਈ ਸੀ। ਕਿਉਂਕਿ ਫੋਟੋਗਰਾਫੀ ਇਕ ਐਸਾ ਕੰਮ ਹੈ, ਜਿਸ ਵਿਚ ਮਨੁੱਖ ਕੋਲ ਥੋੜੀ, ਜਿਹੀ ਅਕਲ ਹੋਵੇ ਤਾਂ ਵੱਡੇ ਤੋਂ ਵੱਡੇ ਮਨੁੱਖ ਨਾਲ ਵੀ ਨੇੜਤਾ ਹੋ ਜਾਂਦੀ ਏ। ਨੇੜਤਾ ਕਰਨ ਸਮੇਂ ਮਾਇਆ ਨੂੰ ਸਾਹਮਣੇ ਨਾ ਰਖੋ ਸਗੋਂ ਪਿਆਰ ਤੇ ਦੋਸਤੀ ਨੂੰ ਸਾਹਮਣੇ ਰਖੋ ਤਾਂ ਨੇੜਤਾ ਆਪੇ ਹੀ ਹੋ ਜਾਂਦੀ ਏ। ਇਸ ਕਰਕੇ ਦਲਬੀਰ ਸਿੰਘ ਨਾਲ ਵੀ ਇਸ ਤਰ੍ਹਾਂ ਹੀ ਨੇੜਤਾ ਹੁੰਦੀ ਗਈ।

ਜਦੋਂ ੧੯੭੯ ਵਿਚ ਦਲਬੀਰ ਸਿੰਘ ਪੰਜਾਬੀ ਟ੍ਰਿਬਿਊਨ ਵਿਚ ਆ ਗਿਆ। ਉਸ ਵਕਤ ਵੀ ਟ੍ਰਿਬਿਊਨ ਵਿਚ ਬਹੁਤੇ ਜਲੰਧਰ ਦੇ ਪੱਤਰਕਾਰ ਸਨ। ਕਿਉਂਕਿ ਐਡੀਟਰ ਸ੍. ਬਰਜਿੰਦਰ ਸਿੰਘ ਹਮਦਰਦ ਵੀ ਆਪ ਜਲੰਧਰ ਦਾ ਸੀ। ਉਸ ਨਾਲ ਮੇਰੀ ਪਹਿਲਾਂ ਨੇੜਤਾ ਸੀ। ਹਮਦਰਦ ਜੀ ਨੇ ਪੰਜਾਬੀ ਟ੍ਰਿਬਿਊਨ ਦੇ ਸਾਰੇ ਸਟਾਫ ਨਾਲ ਨੇੜਤਾ ਕਰਵਾ ਦਿੱਤੀ ਸੀ। ਇਸ ਕਰਕੇ ਇਹ ਫੇਰ ਸਾਂਝ ਬਣ ਗਈ। ਫੇਰ ਅਸੀਂ ਬਹੁਤ ਵਾਰੀ ਚੰਡੀਗੜ੍ਹ ਇਕਠੇ ਹੁੰਦੇ ਰਿਹੇ। ਜਦੋਂ ਵੀ ਦਲਬੀਰ ਨੇ ਕੋਈ ਵੀ ਨਾਟਕ ਖੇਡਣਾ ਹੁੰਦਾ ਸੀ ਤਾਂ ਮੈਨੂੰ ਸੱਦ ਲੈਂਦਾ ਸੀ। ਇਕ ਵਾਰੀ ਉਸ ਰੋਪੜ ਨਾਟਕ ਖੇਡਿਆ ਸੀ। ਮੈਂ ਉਥੇ ਆਇਆ ਸੀ। ਭੂਸ਼ਣ ਧਿਆਨਪੁਰੀ ਵੀ ਰੋਪੜ ਹੀ ਹੁੰਦਾ ਸੀ। ਉਹ ਵੀ ਨਾਟਕ ਵੇਖਣ ਆਇਆ ਸੀ। ਨਾਟਕ ਖਤਮ ਹੋਣ ਤੋਂ ਬਾਦ ਅਸੀਂ ਸਾਰਿਆਂ ਨੇ ਖੁਸ਼ੀ ਸਾਂਝੀ ਕੀਤੀ ਤਾਂ ਭੂਸ਼ਣ ਦਲਬੀਰ ਨੂੰ ਕਹਿਣ ਲੱਗਾ "ਦਲਬੀਰ ਤੂੰ ਜਦੋਂ ਵੀ ਬਾਜਵੇ ਨੂੰ ਸਦੇਂ ਆ ਜਾਂਦਾ ਏ। ਸਾਡੇ ਤਾਂ ਮੁੰਡੇ ਦੇ ਵਿਆਹ ਤੇ ਨਹੀਂ ਆਉਂਦਾ।" ਦਲਬੀਰ ਨੇ ਭੂਸ਼ਣ ਨੂੰ ਆਖਿਆ। "ਤੂੰ ਮੁੰਡੇ ਦਾ ਵਿਆਹ ਕਰ ਬਾਜਵਾ ਕੀ ਬਾਜਵੇ ਦਾ ਬਾਪੂ ਵੀ ਆਵੇਗਾ।"



Namdhari Elibrary NamdhariElibrary@gmail.com



ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ ਵਰਿਆਮ ਅਤੇ ਦਲਬੀਰ ਸਿੰਘ ਫੋਟੋ : ਬਾਜਵਾ

ਇਸ ਕਰਕੇ ਦਲਬੀਰ ਸਿੰਘ ਤੰਗ ਦਿਲ ਇਨਸਾਨ ਨਹੀਂ ਸੀ। ਖੁਲ ਦਿਲਾ ਸੀ। ਬਹੁਤਾ ਵਿਹਮਾਂ ਭਰਮਾਂ 'ਚ ਨਹੀਂ ਸੀ ਪੈਂਦਾ ਨਾ ਹੀ ਬਹੁਤਾ ਕਟੜਵਾਦੀ ਸੀ। ਜ਼ਾਤ ਪਾਤ ਵਿਚ ਵੀ ਬਹੁਤਾ ਵਿਸ਼ਵਾਸ ਨਹੀਂ ਸੀ ਰੱਖਦਾ। ਸ਼ਹਿਰ ਆ ਕੇ ਵੀ ਸ਼ਹਿਰੀ ਨਹੀਂ ਸੀ ਬਣ ਸਕਿਆ। ਪੇਂਡੂ ਸੁਭਾ ਹੀ ਰਖਿਆ ਹੋਇਆ ਸੀ। ਜਦੋਂ ਵੀ ਮੈਂ ਚੰਡੀਗੜ੍ਹ ਟ੍ਰਿਬਿਊਨ ਦੇ ਦਫਤਰ ਜਾਂਦਾ ਸੀ। ਪਹਿਲਾਂ ਦਲਬੀਰ ਸਿੰਘ ਮਿਲਦਾ ਸੀ। ਉਸ ਤੋਂ ਬਾਦ ਐਡੀਟਰ ਨੂੰ ਮਿਲਦਾ ਸਾਂ। ਕਿਉਂਕਿ ਐਡੀਟਰ ਤਾਂ ਬਦਲਦੇ ਹੀ ਰਹਿੰਦੇ ਸਨ। ਉਸ ਨਾਲ ਮਨ ਆਈਆਂ ਗੱਲਾਂ ਕਰਕੇ ਚਾਹ ਪੀ ਕੇ ਸ਼ਾਮ ਦਾ ਪ੍ਰੋਗਰਾਮ ਬਣਾ ਕੇ ਫੇਰ ਮੈਂ ਕਿਸੇ ਹੋਰ ਪਾਸੇ ਜਾਂਦਾ ਸੀ।

ਜਦੋਂ ੨੯ ਜੁਲਾਈ ਨੂੰ ਸਾਰੀਆਂ ਅਖਬਾਰਾਂ ਵਿਚੋਂ ਪੜ੍ਹਿਆ ਕੇ ਸ਼ਾਹ ਦਿਲ ਮਨੁੱਖ ਦਲਬੀਰ ਸਿੰਘ ਸਾਨੂੰ ਸੱਦਾ ਲਈ ਅਲਵਿਦਾ ਕਹਿ ਗਿਆ ਏ। ਆਪ ਮੁਹਾਰੇ ਅੱਖਾਂ ਵਿਚੋਂ ਅੱਥਰੂ ਵਗਣੇ ਸ਼ੁਰੂ ਹੋ ਗਏ। ਫੇਰ ਮੈਂ ਰੋਂਦਿਆਂ ਹੀ ਸਾਬਕਾ ਐਡੀਟਰ ਸ਼ੰਗਾਰਾ ਸਿੰਘ ਭੁਲਰ ਨੂੰ ਫੂਨ ਕੀਤਾ ਕਿਉਂਕਿ ਇਹਨਾਂ ਦੀ ਆਪਸ ਵਿਚ ਬਹੁਤ ਨੇੜਤਾ ਸੀ। ਭੁਲਰ ਜੀ ਫੂਨ ਸੁਣਦਿਆਂ ਹੀ ਕਹਿ ਦਿੱਤਾ "ਬਾਜਵਾ ਜੀ, ਬਹੁਤ ਮਾੜਾ ਹੋਇਆ ਏ। ਹੁਣ ਤੂੰ ਰੋ ਨਾ ਉਹ ਤਾਂ ਸਾਨੂੰ ਪਤਾ ਨਹੀਂ ਲੱਗਾ ਜੇਹੜੇ ਚੰਡੀਗੜ੍ਹ ਰਹਿੰਦੇ ਹਾਂ। ਦਿਲ ਦਾ ਦੌਰਾ ਉਸ ਨੂੰ ਉਸਦੇ ਦਫਤਰ ਵਿਚ ਕੰਮ ਕਰਦਿਆਂ ਹੀ ਪੈ ਗਿਆ ਸੀ। ਹੁਣ ਤੂੰ ਪ੍ਰਮਾਤਮਾ ਦੇ ਹੁਕਮ ਨੂੰ ਮੰਨ।"

ਇਹ ਤਸਵੀਰ ਵੀ ਤਿੰਨਾਂ ਦੋਸਤਾਂ ਦੀ ਮਿਲੀ ਸੀ। ਜੇਹੜੇ ਤਿੰਨੇ ਆਪਣੇ ਆਪਣੇ ਖੇਤਰ ਵਿਚ ਮਹਾਨ ਹਨ। ਇਕ ਤਾਂ ਕਰਮਯੋਗੀ ਆਪਣਾ ਕਰਮ ਕਰਦਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਏ ਪਰ ਆਪਣੀ ਯਾਦ ਦੂਸਰੇ ਸਾਥੀਆਂ ਲਈ ਛੱਡ ਗਿਆ ਏ ਕਿ ਮੈਂ ਤੁਹਾਡੇ ਨਾਲ ਹੀ ਬੈਠਾ ਹੋਇਆ ਹਾਂ। ਬਹੁਤਾ ਉਦਾਸ ਹੋਣ ਦੀ ਲੋੜ ਨਹੀਂ। ਪਿਛੇ ਰਹਿੰਦੇ ਸਾਥੀ ਜਦੋਂ ਇਸ ਯਾਦ ਨੂੰ ਵੇਖਿਆ ਕਰਣਗੇ। ਤਾਂ ਉਹਨਾਂ ਨੂੰ ਦਲਬੀਰ ਸਿੰਘ ਆਪਣੇ ਨਾਲ ਬੈਠਿਆ ਯਾਦ ਆਇਆ ਕਰੇਗਾ। ਤੇ ਦਿਸਿਆ ਕਰੇਗਾ। ਦਲਬੀਰ ਤੂੰ ਭਾਵੇਂ ਸਾਨੂੰ ਛੱਡ ਗਿਆ ਏਂ। ਪਰ ਅਸੀਂ ਤੈਨੂੰ ਨਹੀਂ ਛਡਿਆ। ਤੂੰ ਤਾਂ ਜਗਤ ਤਮਾਸ਼ਾ ਲਿਖਦਾ ਹੁੰਦਾ ਸੀ। ਅੱਜ ਆਪ ਹੀ ਜਗਤ ਨੂੰ ਛੱਡ ਗਿਆ ਏਂ। ਦਲਬੀਰ ਤੇਰੀ ਯਾਦ ਨੂੰ ਕਿਸ ਤਰਾਂ ਭੁਲਾਇਆ ਕਰਾਂਗੇ। ਜਦੋਂ ਤੂੰ ਸਾਡੇ ਨਾਲ ਬੈਠਾ ਹੋਇਆ ਏਂ। ਬੱਸ ਹੁਣ ਦਲਬੀਰ ਦੀਆਂ ਯਾਦਾਂ ਹੀ ਸਾਡੇ ਕੋਲ ਰਹਿ ਜਾਣਗੀਆਂ ਜਿਨਾਂ ਨੂੰ ਯਾਦ ਕਰਕੇ ਕਦੀ ਰੋ ਲਿਆ ਕਰਾਂਗੇ। ਜਾਂ ਫੇਰ ਕਦੀ ਉਦਾਸ ਹੋ ਲਿਆ ਕਰਾਂਗੇ। ਹੋਰ ਅਸੀਂ ਹੁਣ ਕੀ ਕਰ ਸਕਦੇ ਹਾਂ। ਦਲਬੀਰ ਉਥੇ ਚਲਾ ਗਿਆ ਏ। ਜਿਥੋਂ ਆ ਨਹੀਂ ਸਕਦਾ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

- **Automatic machines for producing Biscuits**
- **Automatic machines for producing Wafers**

**and**

**Makers of High quality Biscuits**

## BBL FOODS PVT. LTD.

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

| Balvinder Pal Singh | Lakhbir Singh Muchhal | Sukhwinder Kaur |
|---|---|---|
| *Manging Director* | *Director* | *Director* |
| *Ph.: 9391048734* | *Ph.: 9848050607* | *Ph.: 9391046298* |





Namdhari Elibrary    NamdhariElibrary@gmail.com

# ਮੇਰੀ ਪਹਿਲੀ ਪਾਕਿਸਤਾਨ ਯਾਤਰਾ—੨

*—ਮਾ. ਅਮਰੀਕ ਸਿੰਘ*

## ਦੂਸਰਾ ਦਿਨ

ਆਦਤ ਅਨੁਸਾਰ ਅਸੀਂ ਸਵੇਰੇ ਤਿੰਨ ਵਜੇ ਹੀ ਜਾਗ ਪਏ, ਜ਼ਰੂਰੀ ਲੋੜਾਂ ਤੋਂ ਨਵਿਰਤ ਹੋ ਕੇ ਇਸ਼ਨਾਨ ਕੀਤਾ। ਕਵੀ ਜੀ ਤਾਂ ਕੁਝ ਲਿਖਣ ਲੱਗ ਪਏ ਤੇ ਮੈਂ ਕਮਰੇ ਤੋਂ ਬਾਹਰ ਨਿਕਲ ਕੇ ਸਰਾਂ ਦੇ ਵਿਚ ਹੀ ਜ਼ਰਾ ਫਿਰਨ ਤੁਰਨ ਲਈ ਚਲਾ ਗਿਆ। ਮਾਹੌਲ ਬੜਾ ਸ਼ਾਂਤ ਸੀ। ਟਾਵੇਂ ਟਾਵੇਂ ਯਾਤਰੀ ਜਾਗ ਰਹੇ ਸਨ ਤੇ ਇਸ਼ਨਾਨ ਕਰ ਰਹੇ ਸਨ। ਮੈਂ ਫਿਰਦਾ ਫਿਰਦਾ ਗੁਰੂ ਨਾਨਕ ਸਰਾਂ ਤੋਂ ਬਾਹਰ ਆ ਗਿਆ। ਸੱਜੇ ਪਾਸੇ ਗੁਰਦੁਆਰਾ ਜਨਮ ਅਸਥਾਨ ਚੰਨ ਦੇ ਚਾਨਣ ਵਿਚ ਨਹਾ ਜਿਹਾ ਰਿਹਾ ਸੀ, ਗੁਰਦੁਆਰੇ ਵੱਲ ਨੂੰ ਵਧਿਆ, ਦਰਸ਼ਨੀ ਡਿਉੜੀ ਚੋਂ ਲੰਘ ਕੇ ਅਸਲ ਗੁਰਦੁਆਰੇ ਦੇ ਜਾਂ ਦਰਸ਼ਨ ਕੀਤੇ। ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਚੁਕਾ ਸੀ ਤੇ ਰਾਗੀ ਕੀਰਤਨ ਕਰਨ ਦੇ ਆਹਰ ਵਿਚ ਸਨ। ਮੇਰੇ ਮੱਥਾ ਟੇਕਦਿਆ ਨੂੰ ਰਾਗੀਆਂ "ਆਸਾ ਦੀ ਵਾਰ" ਆਰੰਭ ਕਰ ਦਿੱਤੀ।

ਮੈਂ ਕੁਝ ਦੇਰ ਕੀਰਤਨ ਦਾ ਰੰਗ ਮਾਣਿਆ ਤੇ ਫੇਰ ਮੱਥਾ ਟੇਕ ਪਤਾਸਿਆਂ ਦਾ ਪਰਸ਼ਾਦ ਲੈ ਕੇ ਬਾਹਰ ਆ ਗਿਆ। ਸੱਜੇ ਪਾਸੇ ਇਕ ਪੁਰਾਣਾ ਜੰਡ ਖੜਾ ਸੀ। ਉਹਦੇ ਨਾਲ ਲੱਗੀ ਫੱਟੀ ਤੇ ਪੜ੍ਹਿਆ "ਇਸ ਜੰਡ ਨਾਲ ਸਰਦਾਰ ਲਛਮਨ ਸਿੰਘ ਨੂੰ ਬੰਨ੍ਹ ਕੇ ਜ਼ਿੰਦਾ ਸਾੜ ਦਿੱਤਾ ਸੀ, ਪੁਜਾਰੀਆਂ ਨੇ।" ਤੇ ਮੈਨੂੰ ਉਹ ਪਰਾਣਾ ਸਾਕਾ ਯਾਦ ਆ ਗਿਆ ਜਦੋਂ ਪੁਜਾਰੀਆਂ ਤੋਂ ਗੁਰਦੁਆਰੇ ਆਜ਼ਾਦ ਕਰਾਣ ਲਈ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਪਤਾ ਨਹੀਂ ਦਸਵੇਂ ਪਾਤਸ਼ਾਹ ਨੇ ਏਸ ਕੌਮ ਵਿਚ ਕੀ ਸਪਿਰਟ ਭਰ ਦਿੱਤੀ ਹੈ ਕਿ ਆਪਣੀ ਆਣ, ਸ਼ਾਨ ਤੇ ਸਿਰੜ ਲਈ ਕੁਰਬਾਨ ਹੋ ਜਾਣਾ ਖੇਡ ਹੀ ਸਮਝਦੇ ਹਨ। ਮੈਂ ਖੜਾ ਖੜਾ ਹੀ ਪਿਛਲੇ ਇਤਿਹਾਸ ਤੇ ਝਾਤ ਮਾਰਨ ਲੱਗ ਪਿਆ। ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦਾਂ ਦਾ ਸਾਕਾ ਅੰਗਰੇਜ਼ਾਂ ਨੇ ਪੰਜਾਬੀਆਂ ਦੀ ਅਣਖ ਨੂੰ ਪਰਖਣ ਲਈ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਕੋਲ ਗਊਆਂ ਕਤਲ ਕਰਨ ਦੀ ਖੁਲ ਦੇ ਦਿੱਤੀ। ਹੱਡੀਆਂ ਤੇ ਮਾਸ ਦੀਆਂ ਬੋਟੀਆਂ ਇੱਲਾਂ ਰਾਹੀਂ ਪਵਿੱਤਰ ਸਰੋਵਰ ਵਿਚ ਡਿੱਗ ਕੇ ਪਵਿੱਤਰ ਜਲ ਨੂੰ ਅਪਵਿਤਰ ਕਰਨ ਲੱਗੀਆਂ ਤਾਂ ਸੂਰਮੇ ਇਹ ਸਹਾਰ ਨਾ ਸਕੇ। ਗੁਰਮਤਾ ਕਰ ਕੇ ਰਾਤੋ ਰਾਤ ਬੁਚੜਾਂ ਨੂੰ ਸੋਧ ਕੇ ਗਾਈਆਂ ਦੇ ਰੱਸੇ ਵੱਢ ਕੇ ਫਰਾਰ ਹੋ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਖੇਤੀ ਕਰਕੇ ਬੋਹਲ ਕਿਸੇ ਹੋਰ ਲਈ ਛੱਡ ਆਏ ਹੋ। ਬਹਾਦਰ ਲੋਕਾਂ ਕਚਹਿਰੀ ਪੇਸ਼ ਹੋ ਕੇ ਇਕਬਾਲ ਕੀਤਾ ਤੇ ਬੇ ਦੋਸ਼ਿਆਂ ਨੂੰ ਛੁੜਾ ਲਿਆ, ਆਪ ਹੱਸ ਹੱਸ ਫਾਂਸੀ ਦੇ ਰੱਸੇ ਗੱਲ ਪਾ ਕੇ ਕੁਰਬਾਨ ਹੋ ਗਏ। ਮੈਂ ਹਾਲੇ ਮਲੇਰ ਕੋਟਲੇ ਵਾਲੇ ਸ਼ਹੀਦਾਂ ਦਾ ਸਾਕਾ ਵੀ ਯਾਦ ਕਰਨ ਲਗਾ ਸਾਂ ਕਿ ਕਵੀ ਜੀ ਨੇ ਮੇਰੇ ਮੋਢੇ ਤੇ ਹੱਥ ਆ ਧਰਿਆ। ਉਹਨਾਂ ਪਿਆਰ ਭਰੇ ਗੁੱਸੇ ਵਿਚ ਕਿਹਾ, "ਤੂੰ ਕਿੱਧਰ ਚਲਾ ਗਿਆ ਸੀ ਯਾਰ, ਮੈਂ ਲੱਭ ਲੱਭ ਫਾਵਾ ਹੋ ਗਿਆ, ਸਵੇਰ ਦਾ।" "ਮੈਂ... ਮੈਂ ਅੰਮ੍ਰਿਤਸਰੋਂ ਮਲਰੇ ਕੋਟਲੇ ਚੱਲਿਆ ਸਾਂ" ਅੱਬੜ ਵਾਹੇ ਮੇਰੇ ਮੂਹੋਂ ਨਿਕਲ ਗਿਆ।

ਬੈਠੇ ਆਪਾਂ ਨਨਕਾਣੇ ਹਾਂ ਤੂੰ ਅੰਮ੍ਰਿਤਸਰੋਂ ਮਲੇਰ ਕੋਟਲੇ ਦੀਆਂ ਗੱਲਾਂ ਕਰ ਰਿਹਾ ਹੈਂ" ਕਵੀ ਜੀ ਨੇ ਮੇਰੀਆਂ ਅੱਖਾਂ ਵਿਚ ਝਾਕਦਿਆਂ ਆਖਿਆ। ਜਿਵੇਂ ਉਹਨਾਂ ਨੂੰ ਮੇਰੇ ਪਾਗਲ ਹੋ ਜਾਣ ਦਾ ਸ਼ਕ ਪੈ ਗਿਆ ਹੋਵੇ।

ਹਾਂ ਪਿਆਰੇ ਕਵੀ ਜੀ! ਮੈਂ ਜਦੋਂ ਏਸ ਜੰਡ ਦੇ ਸਾਹਮਣੇ ਆ ਕੇ ਖੜਾ ਹੋਇਆ ਤਾਂ ਮੈਨੂੰ ਤੱਤੀਆਂ ਤਵੀਆਂ ਤੇ ਬੈਠੇ ਗੁਰੂ ਅਰਜਨ ਦੇਵ ਬੰਦ ਬੰਦ ਕਟਵਾਂਦੇ ਸੂਰਮੇ, ਰੰਬੀਆਂ ਨਾਲ ਖੋਪਰ ਲੁਹਾਂਦੇ ਬਹਾਦਰ, ਆਰਿਆਂ ਨਾਲ ਚਿਰੇ, ਦੇਗਾਂ ਵਿਚ ਉਬਲਦੇ ਸ਼ਰੀਰ ਨਾਲ ਰੂ ਬੰਨ ਕੇ ਸੜੀਂਦੇ, ਆਪਣਾ ਸੀਸ ਕਟਾਂਦੇ ਗੁਰੂ ਤੇਗ ਬਹਾਦਰ, ਬਿਨਾਂ ਸੀਸ ਲੜਦਾ ਦੀਪ ਸਿੰਘ, ਬੱਚਿਆਂ ਦੇ ਟੋਟੇ ਕਰਵਾਕੇ ਗੱਲੇ ਹਾਰ ਪਾਂਦੀਆਂ ਮਾਈਆਂ, ਫਾਂਸੀ ਤੇ ਚੜ੍ਹਨ ਲਈ ਗੱਲਾਂ ਵਿਚ ਰੱਸੇ ਆਪ ਪਾਂਦੇ ਸ਼ਹੀਦ, ਤੋਪਾਂ ਅੱਗੇ ਖਲੋ ਕੇ ਆਪ ਛਾਤੀਆਂ ਵਿਚ ਗੋਲੇ ਖਾਂਦੇ ਵੇਖੇ ਨੇ। ਮੈਨੂੰ ਤੇ ਏਥੇ ਸ਼ਹੀਦਾਂ ਦੀ ਵਡੀ ਭੀੜ ਨੇ ਘੇਰ ਲਿਆ। ਰਾਗੀ ਗਾ ਰਹੇ ਸਨ, "ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ।"

ਬੱਸ ਤੇਰੇ 'ਚ ਏਹੀ ਨੁਕਸ ਐ, ਤੂੰ ਭਾਵੁਕ ਬਹੁਤ ਹੋ ਜਾਨੈ, "ਇਹ ਸਭ ਕੁਝ ਤਾਂ ਵੈਸੇ ਤੂੰ ਠੀਕ ਕਹਿ ਰਿਹਾ ਹੈ। ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਤਾਂ ਸਿੱਖ ਕੌਮ ਅਮਿਟ ਏ, ਅਮਰ ਏ।"

ਕਵੀ ਜੀ ਮੈਨੂੰ ਬਾਹਾਂ ਚ ਘੁੱਟ ਲਿਆ ਤੇ ਆਪਣੇ ਪਾਸ ਅੰਦਾਜ਼ ਵਿਚ ਆਖਿਆ, "ਭਲਿਆ ਮਾਨਸਾ। ਵਕਤ ਤਾਂ ਵੇਖ ਦਿਨ ਕਿੱਥੇ ਆ ਗਿਆ ਏ ਮੈਂ ਤੇਰੇ ਪਿੱਛੇ ਦਸ ਪੰਦਰਾਂ ਪੱਤਰੇ ਲਿਖ ਮਾਰੇ ਨੇ। ਮੈਂ ਵੀ ਅੱਜ ਆਪਣੇ ਮਹਾਨ ਸ਼ਹੀਦਾਂ ਬਾਰੇ ਹੀ ਲਿਖ ਰਿਹਾ ਹਾਂ। ਪਰ ਉਹਨਾਂ ਦੀ ਕੀਰਤੀ ਤਾਂ ਲਿਖੀ ਨਹੀਂ ਜਾ ਸਕਦੀ, ਮਿਣੀ ਤੋਲੀ ਨਹੀਂ ਜਾ ਸਕਦੀ।" ਆ ਚੱਲੀਏ ਲੰਗਰ ਵੱਲ ਮੇਰਾ ਚਾਹ ਨੂੰ ਬਹੁਤ ਜੀ ਕਰ ਰਿਹਾ ਏ।"



Namdhari Elibrary NamdhariElibrary@gmail.com

ਅਸੀਂ ਉਸ ਜੋੜ ਨੂੰ ਨਮਸਕਾਰ ਕਰ ਕੇ ਲੰਗਰ ਵੱਲ ਨੂੰ ਹੋ ਤੁਰੇ, ਅੱਗੇ ਚਾਹ ਨਾਲ ਡਬਲ ਰੋਟੀਆਂ ਤੇ ਸੁੱਕੇ ਬੰਦ ਵਰਤਾਏ ਜਾ ਰਹੇ ਸਨ। ਕਵੀ ਜੀ ਨੇ ਚਾਹ ਦਾ ਗਲਾਸ ਫੜ ਲਿਆ ਪਰ ਮੈਂ ਨਿੱਕੀ ਡਬਲ ਰੋਟੀ ਹੀ ਲੈ ਲਈ।

"ਕਵੀ ਜੀ ਤੁਸਾਂ ਇਹ ਚਾਹ ਦਾ ਕੀਹ ਫਾਹ ਪਾ ਰੱਖਿਆ ਏ" ਮੈਂ ਹਨੋਰਾ ਜਿਹਾ ਦਿੱਤਾ।

ਕਵੀ ਜੀ ਮੁਸਕਰਾਏ ਤੇ ਕਹਿਣ ਲੱਗੇ, "ਛੁਟਤੀ ਨਹੀਂ ਏ ਕਾਫ਼ਿਰ, ਮੂੰਹ ਸੇ ਲਗੀ ਹੂਈ।" ਮੇਰੇ ਵੀਰ ਇਹ ਛੁੱਟਦੀ ਨਹੀਂ। ਚਾਹ ਦੀਆਂ ਚੁਸਕੀਆਂ ਲੈਂਦਿਆਂ ਕਵੀ ਜੀ ਨੇ ਗਲ ਜਾਰੀ ਰੱਖੀ। "ਤੈਨੂੰ ਇਕ ਲਤੀਫ਼ਾ ਸੁਨਾਵਾਂ ? ਇਕ ਵੇਰਾਂ ਮੈਂ ਤੇਰੇ ਵਰਗੇ ਕਿਸੇ ਦੇ ਆਖੇ ਚਾਹ ਛੱਡ ਦਿੱਤੀ। ਇਕ ਦਿਨ, ਦੋ ਦਿਨ, ਤਿੰਨ ਦਿਨ ਜਦੋਂ ਪੂਰੇ ਚਾਰ ਦਿਨ ਹੋ ਗਏ ਚਾਹ ਛੱਡਿਆਂ ਤਾਂ ਮੈਂ ਮਹਿਸੂਸ ਕੀਤਾ ਕਿ ਗੁਰਬਚਨ ਕੌਰ (ਕਵੀ ਜੀ ਦੀ ਪਤਨੀ) ਨਾਲੋਂ ਜਿਵੇਂ ਨਾਤਾ ਹੀ ਟੁੱਟ ਗਿਆ ਹੋਵੇ ਚਾਹ ਛੱਡਣ ਨਾਲ" ਅੱਗੇ ਮੈਂ ਕੁਝ ਨਾ ਕੁਝ ਲਿਖਦਿਆਂ ਵਾਜ ਮਾਰਨੀ "ਬਚਨੋ ਚਾਹ ਲਿਆਇਓ ! ਤੇ ਮੇਰੀ ਪਤਨੀ ਨੇ ਝੱਟ ਚਾਹ ਲੈ ਆਉਣੀ, ਹੁਣ ਚੌਥੇ ਦਿਨ ਤੋਂ ਉਹ ਵਿਹਲੀ ਦੂਸਰੇ ਕਮਰੇ ਵਿਚ ਬੈਠੀ ਰਹਿੰਦੀ। ਹਾਰ ਕੇ ਮੈਂ ਵਾਜ ਮਾਰ ਕੇ ਇਸ ਲੰਮੀ ਚੁੱਪ ਨੂੰ ਤੋੜਿਆ ਤੇ ਕਿਹਾ, "ਬਚਨੋ ਲਿਆ ਚਾਹ ਮੇਰਾ ਤਾਂ ਤੇਰੇ ਨਾਲੋਂ ਜਿਵੇਂ ਸੰਬੰਧ ਹੀ ਟੁੱਟ ਗਿਆ ਤੇ ਦੋ ਮਿੰਟ ਬਾਦ ਬਚਨੋ ਚਾਹ ਲੈ ਆਈ ਤੇ ਸਾਡੇ ਸਾਰੇ ਟੁੱਟੇ ਸੰਬੰਧ ਫੇਰ ਬਹਾਲ ਹੋ ਗਏ।"

ਮੈਂ ਕਵੀ ਜੀ ਦਾ ਚਾਹ ਚੁਟਕਲਾ ਸੁਣ ਕੇ ਬਹੁਤ ਹੱਸਿਆ। ਕਵੀ ਜੀ ਨੇ ਚਾਹ ਮੁਕਾਈ ਤੇ ਅਸੀਂ ਫੇਰ ਆਪਣੇ ਡੇਰੇ ਵੱਲ ਨੂੰ ਤੁਰ ਪਏ। ਜਦੋਂ ਤਾਲਾ ਖੋਲਿਆ ਤਾਂ ਇਕ ਚਿੱਟ ਬੂਹੇ 'ਚੋਂ ਨਿਕਲ ਕੇ ਥੱਲੇ ਡਿਗ ਪਈ। ਚਿੱਟ ਤੇ ਲਿਖਿਆ ਸੀ ਕਿ ਮੈਂ ਗਿਆਨੀ ਅਬਾਦੁਲਾ ਤੁਹਾਨੂੰ ਫਲਾਂ ਨੰਬਰ ਕਮਰੇ ਵਿਚ ਉਡੀਕ ਰਿਹਾ ਹਾਂ।

ਅਸੀਂ ਦੋਵੇਂ ਦੱਸੇ ਕਮਰੇ ਅੱਗੇ ਜਾ ਖੜੇ ਹੋਏ। ਬੂਹਾ ਢੁਕਿਆ ਪਿਆ ਸੀ। ਖੰਘੂਰਾ ਮਾਰ ਕੇ ਅਸਾਂ ਬੂਹਾ ਖੜਕਾਇਆ। ਬੂਹਾ ਖੁਲਾ ਤੇ ਅਸੀਂ ਅੰਦਰ ਚੱਲ ਗਏ। ਅੱਗੇ ਗਿਆਨੀ ਅਬਾਦੁਲਾ ਸਾਹਿਬ ਹੱਥ ਜੋੜ ਕੇ ਸਾਡੇ ਸੁਆਗਤ ਲਈ ਖੜੇ ਸਨ, "ਹੱਥ ਮਿਲਾ ਕੇ ਸਾਨੂੰ ਜੱਫੀ ਵਿਚ ਲੈ ਕੇ ਆਪਣੇ ਆਸਣ ਦੇ ਨਾਲ ਬਿਠਾ ਲਿਆ। ਉਹਨਾਂ ਦਾ ਆਸਣ ਦੁੱਧ ਚਿੱਟੀ ਚਾਦਰ ਤੇ ਇਕ ਜ਼ਰਾ ਮੋਟਾ ਕੱਪੜਾ ਪਿਆ ਸੀ।

ਗਿਆਨੀ ਜੀ ਨੇ ਬੜੇ ਮੋਹ ਭਰੇ ਲਹਿਜੇ ਨਾਲ ਸਾਡਾ ਹਾਲ ਚਾਲ ਪੁੱਛਿਆ। ਰਾਤ ਕਿਵੇਂ ਬੀਤੀ ਅਸਾਂ ਠੀਕ ਠਾਕ ਕਹਿ ਕੇ ਸ਼ੁਕਰੀਆ ਅਦਾ ਕੀਤਾ। ਫੇਰ ਕਵੀ ਜੀ ਤੇ ਗਿਆਨੀ ਜੀ ਜੁਟ ਪਏ। ਆਪਣੀਆਂ ਸਾਹਿੱਤਕ ਗੱਲਾਂ ਵੱਲ ਸਾਰੇ ਪਿਛਲੇ ਇਤਿਹਾਸ ਦੀਆਂ ਘਟਨਾਵਾਂ ਤੋਂ ਲੈ ਕੇ ਅੱਜ ਦੇ ਸਿੱਖ ਸਮਾਜ ਬਾਰੇ। ਦੇਹਧਾਰੀ ਗੁਰੂ ਦੇ ਮੰਨਣ ਬਾਰੇ ਤੇ ਪਤਾ ਨਹੀਂ, ਕੀਹ ਕੁਝ ਉਹਨਾਂ ਨੇ ਆਪਣੀ ਇਸ ਦੋ ਤਿੰਨ ਘੰਟੇ ਦੇ ਵਾਰਤਾਲਾਪ ਵਿਚ ਦੂਹਰਾ ਸੁੱਟਿਆ। ਮੈਨੂੰ ਦੋਹਾਂ ਦੀ ਜਾਣਕਾਰੀ ਬਾਰੇ ਸਿਖ ਸਿਆਸਤ ਦੇ ਗਿਆਨ ਬਾਰੇ ਕਿੰਨਾ ਕੁਝ ਜਾਣਦੇ ਹਨ ਸੁਣ ਕੇ ਬਹੁਤ ਹੈਰਾਨੀ ਹੋਈ। ਤੇ ਮੈਂ, "ਸ਼ਬਦ ਨਾਂ ਸ਼ਲੋਕ ਬਾਬਾ ਟਿੱਕੀਆਂ ਦਾ ਠੋਕ" ਵਾਲੀ ਗੱਲ। ਮੈਨੂੰ ਆਪਣਾ ਆਪ ਉਹਨਾਂ ਦੇ ਸਾਹਮਣੇ ਬਹੁਤ ਨਿਗੁਣਾ ਤੇ ਛੋਟਾ ਜਾਪਣ ਲੱਗ ਪਿਆ। ਕਵੀ ਜੀ ਦੀ ਅਜ਼ਮਤ ਦਾ ਮੈਂ ਹੋਰ ਵੀ ਕਾਇਲ ਹੋ ਗਿਆ। ਗਿਆਨੀ ਜੀ ਨੇ ਗੱਲਾਂ ਗੱਲਾਂ ਵਿਚ ਹੀ ਦੱਸਿਆ ਕਿ ਸਾਡਾ ਅਹਿਮਦੀਆਂ ਦਾ ਮੁਖ ਆਸਥਾਨ "ਕਾਦੀਆਂ" ਜਿਲਾ ਗੁਰਦਾਸਪੁਰ (ਭਾਰਤ) ਹੈ ਤੇ ਪਾਕਿਸਤਾਨ ਵਿਚ ਸਾਡਾ ਸੈਂਟਰ "ਰਬਵਾਹ" ਜ਼ਿਲਾ ਝੰਗ ਹੈ।

ਖ਼ੈਰ ਜੀ, ਗੱਲਾਂ ਕਰਦਿਆਂ ਤੇ ਸੁਣਦਿਆਂ ਸਾਨੂੰ ਸਾਰਿਆਂ ਨੂੰ ਭੁੱਖ ਲੱਗ ਪਈ ਤੇ ਅਸੀਂ ਉੱਠਣ ਦੀ ਤਿਆਰੀ ਵਿਚ ਹੀ ਸਾਂ ਕਿ ਕਵੀ ਜੀ ਨੇ ਵਧੀਆ ਪਾਰਕਰ ਦੇ ਦੋ ਪੈਨ ਆਪਣੇ ਪਰਸ ਵਿਚੋਂ ਕੱਢੇ ਤੇ ਗਿਆਨੀ ਜੀ ਨੂੰ ਭੇਟ ਕੀਤੇ। ਇਹ ਪੈਨ ਸਾਨੂੰ ਸ੍ਰੀ ਸਤਿਗੁਰੂ ਜੀ ਵੱਲੋਂ ਗਿਆਨੀ ਜੀ ਨੂੰ ਭੇਟ ਕਰਨ ਲਈ ਦਿੱਤੇ ਗਏ ਸਨ। ਗਿਆਨੀ ਜੀ ਨੇ ਸੱਚੇ ਪਾਤਸ਼ਾਹਾਂ ਦਾ ਸਿਰ ਨਿਵਾ ਕੇ ਸ਼ੁਕਰੀਆ ਅਦਾ ਕੀਤਾ ਤੇ ਅਸੀਂ ਲੰਗਰ ਵੱਲ ਨੂੰ ਤੁਰ ਪਏ।

ਸਿੰਧੀ ਸਹਿਜਧਾਰੀ ਸਿੱਖਾਂ ਨੇ ਸੰਗਤ ਦੀ ਲੰਗਰ ਦੀ ਸੇਵਾ ਓਟ ਰੱਖੀ ਸੀ। ਵਧੀਆ ਪਕਵਾਨਾਂ ਵਿਚ ਬੋਲੀ ਦੀ ਮਿਠਾਸ ਘੁੱਲੀ ਪਈ ਸੀ। ਤਿੰਨ ਹਜ਼ਾਰ ਯਾਤਰੀਆਂ ਨੂੰ ਐਸੇ ਅਨੁਸ਼ਾਸਨ ਨਾਲ ਲੰਗਰ ਛਕਾਇਆ ਜਾ ਰਿਹਾ ਸੀ। ਹਰ ਚੌਥੇ ਆਦਮੀ ਪਾਸ ਇਕ ਸੇਵਾਦਾਰ ਖੜਾ ਸੀ, ਛਕਣ ਵਾਲਿਆਂ ਦੇ ਕੁਝ ਮੰਗਣ ਤੋਂ ਪਹਿਲਾਂ ਹੀ ਜੋ ਕੁਝ ਵੀ ਚਾਹੁੰਦਾ ਥਾਲੀ ਵਿਚ ਆ ਟਿਕਦਾ ਸੀ, ਫੇਰ ਵੀ ਕਈ ਸੱਜਣ ਆਪਣਾ ਆਪ ਵਖਾਣੋ ਨਹੀਂ ਰਹਿ ਰਹੇ ਸਨ।

"ਓਏ ਲਾਲਾ ਏਧਰ ਲਿਆਈਂ ਖੀਰ।" ਇਕ ਸੱਜਣ ਕਹਿ ਰਿਹਾ ਸੀ।

"ਲਓ ਸਿੰਘ ਜੀ" ਤੇ ਸੇਵਾਦਾਰ ਝੱਟ ਉਹਦੇ ਕੋਲ ਪਹੁੰਚ ਜਾਂਦਾ। ਸਿੰਧੀ ਸੇਵਾਦਾਰ ਸਾਰੀ ਸੰਗਤ ਨੂੰ ਸਿੰਘ ਜੀ ਕਹਿ ਕੇ ਹੀ ਬੁਲਾਉਂਦੇ ਸਨ। ਉਹਨਾਂ ਦੀ ਨਿੰਮ੍ਰਤਾ ਵੇਖੀ ਹੀ ਬਣਦੀ ਸੀ। ਸਿੰਘ ਖੀਰ ਬਹੁਤੀ ਪੁਆ ਲੈਂਦੇ ਤੇ ਨਾਂ ਖਾਧੀ ਜਾਣ ਤੇ ਵਿੱਚੇ ਛੱਡ ਕੇ ਤਿੱਤਰ ਹੋ ਜਾਂਦੇ। ਮੈਨੂੰ ਸਾਡੇ ਸਤਿਗੁਰਾਂ ਦੀ ਸਿਖਿਆ ਚੇਤੇ ਆ ਰਹੀ ਸੀ। ਪਹਿਲਾਂ ਲੰਗਰ ਉਤਨਾ ਲਵੋ ਜਿਤਨਾ ਛੱਕ ਸਕਦੇ ਹੋ ਫੇਰ ਆਪਣੇ ਭਾਂਡੇ ਧੋ ਕੇ ਪੀਓ ਤਾਂਕਿ



Namdhari Elibrary NamdhariElibrary@gmail.com

ਭੋਜਨ ਦਾ ਕੋਈ ਕਿਨਕਾ ਵੀ ਵਿਅਰਥ ਨਾਂ ਜਾਏ ਤੇ ਨਾਲ ਭਾਂਡਿਆਂ ਦੀ ਸਫ਼ਾਈ ਹੋ ਜਾਏ ਤਾਂਕਿ ਸਾਫ਼ ਕਰਨ ਵਾਲੇ ਨੂੰ ਜੂਠ ਦੀ ਕਰੇਹਤ ਨਾਂ ਆਵੇ। ਇਕ ਵੇਰਾਂ ਮੈਂ ਆਪਣੇ ਛੋਟੇ ਪੁੱਤਰ ਸ. ਮੰਗਲ ਸਿੰਘ ਨੂੰ ਮਿਲਣ ਫੌਜ ਵਿਚ, ਫੀਰੋਜ਼ਪੁਰ ਛਾਉਣੀ ਗਿਆ। ਫੌਜੀਆਂ ਵੱਲੋਂ ਅਖੰਡ ਪਾਠ ਦਾ ਭੋਗ ਪਿਆ। ਮੰਗਲ ਸਿੰਘ ਤਾਂ ਨਾ ਮਿਲਿਆ, ਵੱਡੇ ਅਫ਼ਸਰ ਨੇ ਮੈਨੂੰ ਆਪਣੇ ਕੋਲ ਬਿਠਾ ਕੇ ਪਰਸ਼ਾਦਾ ਛਕਾਇਆ। ਮੈਂ ਜਦੋਂ ਪਰਸ਼ਾਦਾ ਛੱਕ ਲਿਆ ਤਾਂ ਕੋਲੀਆਂ ਥਾਲੀ ਧੋ ਕੇ ਪੀਣ ਲੱਗਾ ਤਾਂ ਅਫ਼ਸਰ ਨੇ ਮੈਨੂੰ ਹੈਰਾਨ ਹੋ ਕੇ ਕਿਹਾ :-

"ਓਹੋ ਇਕ ਕੀਹ ਕਰ ਰਹੇ ਹੋ।"

"ਮੈਂ ਆਪਣੇ ਭਾਂਡੇ ਹਮੇਸ਼ਾ ਧੋ ਕੇ ਪੀਂਦਾ ਹਾਂ। ਸਾਨੂੰ ਸਾਡੇ ਸਤਿਗੁਰੂ ਜੀ ਦਾ ਏਹ ਹੀ ਹੁਕਮ ਹੈ।"

ਅਫ਼ਸਰ ਨੇ ਲਾਪਰਵਾਹੀ ਨਾਲ ਕਿਹਾ, "ਖਾਲਸਾ ਜੀ ਇਹ ਚੰਗਾ ਹੁਕਮ ਹੈ "ਜੂਠੀ ਥਾਲੀ ਪੀ ਲੈਣੀ।"

"ਥਾਲੀ ਜੂਠੀ ਵੀ ਤਾਂ ਮੇਰੀ ਹੀ ਹੈ। ਸਰਦਾਰ ਸਾਹਿਬ ਇਸ ਦੇ ਲਾਭ ਹਨ, ਪਹਿਲਾ ਅੰਨ ਦੀ ਬੇਅਦਬੀ ਨਹੀਂ ਹੁੰਦੀ ਤੇ ਦੂਜੇ ਛਕਣ ਵਾਲਾ ਉਤਨਾ ਹੀ ਲੈਂਦਾ ਹੈ ਜਿੰਨਾਂ ਓਸ ਛਕਣਾ ਹੋਵੇ, ਅੰਨ ਦੀ ਬਚਤ ਵੀ ਹੁੰਦੀ ਹੈ। ਆਹ ਸਾਹਮਣੇ ਪਏ ਬਰਤਨ ਵੇਖੋ ਕਿੰਨੀ ਝੂਠ ਪਈ ਹੈ, ਜੋ ਵਿਅਰਥ ਜਾਏਗੀ ਤੇ ਸਾਰੀ ਫ਼ੌਜ ਵਿਚ ਕਿੰਨਾਂ ਅੰਨ ਫ਼ਜ਼ੂਲ ਹੀ ਚਲਾ ਜਾਏਗਾ। ਸਾਡੇ ਦੇਸ਼ ਵਿਚ ਕਿੰਨੇ ਲੋਕ ਹਨ, ਦੋ ਗਰਾਹੀਆਂ ਅੰਨ ਲਈ ਤਰਸ ਰਹੇ ਹਨ। ਇਕ ਹੋਰ ਵੀ ਗੱਲ ਹੈ, ਬਰਤਨ ਸਾਫ਼ ਕਰਨ ਵਾਲੇ ਨੂੰ ਸਫਾਈ ਕਰਨ ਵੇਲੇ ਨਫ਼ਰਤ ਨਹੀਂ ਆਓਦੀ। ਆਖ਼ਿਰ ਉਹ ਵੀ ਤਾਂ ਇਨਸਾਨ ਹੈ," ਮੈਂ ਅਫ਼ਸਰ ਸਾਹਿਬ ਨੂੰ ਵਿਸਥਾਰ ਨਾਲ ਦੱਸਿਆ।

"ਧੰਨ ਤੁਹਾਡੇ ਸਤਿਗੁਰੂ ਹਨ ਤੇ ਧੰਨ ਤੁਸੀਂ ਉਹਨਾਂ ਦਾ ਹੁਕਮ ਮੰਨਣ ਵਾਲੇ ਹੋ।" ਅਫ਼ਸਰ ਨੇ ਹੱਥ ਜੋੜ ਕੇ ਸਿਰ ਝੁਕਾਇਆ, "ਖਾਲਸਾ ਜੀ ਮੈਂ ਵੀ ਅੱਜ ਤੋਂ ਪ੍ਰਣ ਕਰਦਾ ਹਾਂ ਕਿ ਅੰਨ ਨਸ਼ਟ ਹੋਣ ਤੋਂ ਬਚਾਣ ਦਾ ਇਹ ਵਧੀਆ ਢੰਗ ਜ਼ਰੂਰ ਜ਼ਰੂਰ ਵਰਤਾਂਗਾ।"

ਹਾਂ ਤੇ ਗੱਲ ਕਰ ਰਿਹਾ ਸਾਂ ਨਨਕਾਣੇ ਸਾਹਿਬ ਦੇ ਲੰਗਰ ਦੀ, ਏਨਾ ਅਨੁਸ਼ਾਸਨ ਇਤਨਾਂ ਵਧੀਆ ਲੰਗਰ ਦਾ ਪ੍ਰਬੰਧ, ਮੈਂ ਅੱਜ ਤਕ ਕਿਸੇ ਮੇਲੇ ਵਿਚ ਨਹੀਂ ਸੀ ਵੇਖਿਆ। ਵੈਸੇ ਅੱਜ ਕਲ ਸਾਡੇ ਲੰਗਰ ਵਿਚ ਵੀ ਕਾਫ਼ੀ ਸ਼ਾਂਤੀ ਹੁੰਦੀ ਹੈ। ਜਦੋਂ ਜਾਓ ਬਿਨਾਂ ਦੇਰ ਦੇ ਲੰਗਰ ਮਿਲਦਾ ਹੈ ਤੇ ਚੁਪ ਚਾਪ ਸੰਗਤ ਛਕਦੀ ਹੈ, ਇਹ ਸਭ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ਹੈ।

ਖ਼ੈਰ ਜੀ ਅਸਾਂ ਲੋੜ ਅਨੁਸਾਰ ਲੰਗਰ ਛੱਕਿਆ, ਥਾਲ ਧੋ ਕੇ ਪੀਤੇ ਤੇ ਥਾਲ ਸਫਾਈ ਵਾਲੀ ਥਾਂ ਰੱਖ ਕੇ ਡੇਰੇ ਵੱਲ ਨੂੰ ਤੁਰ ਪਏ। ਕਵੀ ਜੀ ਕਹਿ ਰਹੇ ਸਨ, "ਅਮਰੀਕ ਸਿੰਘ ਸਿੱਧੀਆ ਨੇ ਤਾਂ ਘਰ ਹੀ ਭੁਲਾ ਦਿੱਤਾ ਬਹੁਤ ਸੇਵਾ ਕੀਤੀ ਏ।"

ਡੇਰੇ ਆ ਕੇ ਅਸਾਂ ਕੁਝ ਦੇਰ ਆਰਾਮ ਕੀਤਾ। ਮੈਂ ਕਵੀ ਜੀ ਅੱਗੇ ਪ੍ਰਸਤਾਵ ਰੱਖਿਆ ਕਿ ਆਪਾਂ ਨਨਕਾਣਾ ਸਾਹਿਬ ਨੂੰ ਜ਼ਰਾ ਫਿਰ ਤੁਰ ਕੇ ਦੇਖ ਆਈਏ, ਮੇਰੀ ਗੱਲ ਮੰਨੀ ਗਈ ਤੇ ਅਸੀਂ ਸ਼ਹਿਰ ਵਿਚ ਘੁੰਮਣ ਲਈ ਤੁਰ ਪਏ।

ਮੇਨ ਗੇਟ ਤੇ ਆਏ ਤਾਂ ਵੇਖਿਆ, ਏਥੇ ਕਾਫ਼ੀ ਪਾਕਿਸਤਾਨੀ, ਭਾਰਤੀ ਲੋਕਾਂ ਨੂੰ ਮਿਲਨ ਆਏ ਹੋਏ ਸਨ। ਗੇਟ ਤੇ ਖੜੇ ਪਹਿਰੇਦਾਰ ਨੂੰ ਜਾਂ ਆਓਣ ਜਾਣ ਵਾਲਿਆਂ ਨੂੰ ਆਪਣੇ ਮਿੱਤਰ ਪਿਆਰਿਆਂ ਬਾਰੇ ਪੁੱਛ ਰਹੇ ਸਨ। ਸਾਨੂੰ ਵੀ ਇਕ ਅਧਖੜ ਚੌਧਰੀ ਨੇ ਝੱਬਰਾਂ ਤੋਂ ਕਿਸੇ ਆਏ ਬੰਦੇ ਬਾਰੇ ਪੁੱਛਿਆ।

"ਵਾਹ! ਖੁਸ਼ ਹੋ ਕੇ ਉਸ ਨੇ ਆਖਿਆ, "ਸਰਦਾਰ ਜੈਮਲ ਸਿੰਘ ਦੇ ਪੁੱਤਰ ਰਜਵੰਤ ਸਿੰਘ ਅਵਤਾਰ ਸਿੰਘ।" ਉਹ ਤਾਂ ਮੇਰੇ ਨਜ਼ਦੀਕੀ ਰਿਸ਼ਤੇਦਾਰ ਨੇ। ਬਹੁਤ ਚੰਗੇ ਆਦਮੀ ਨੇ ਰੱਬ ਨੇ ਉਹਨਾਂ ਨੂੰ ਬੜੇ ਭਾਗ ਲਾਏ ਹੋਏ ਨੇ। ਖੁਲੀ ਤੇ ਵਧੀਆ ਜ਼ਮੀਨ ਤੇ ਉਹਨਾਂ ਦੇ ਪੁੱਤ ਪੋਤਰੇ ਛੋਟ ਕੇ ਵਾਹੀ ਕਰਦੇ ਨੇ ਟਰੈਕਟਰਾਂ ਨਾਲ।"

"ਹਲਾ-,ਭਾਗਾਂ ਵਾਲੇ ਜੀ ਸਨ ਬੇਲੀਆ। ਬਾਪੂ ਜੈਮਲ ਸਿੰਘ ਬੜਾ ਨਿੱਘੇ ਤੇ ਸ਼ਾਹ ਦਿਲ ਸੁਭਾ ਦਾ ਮਾਲਿਕ ਸੀ, ਹਮਾਤੜਾਂ ਦਾ ਬਹੁਤ ਖਿਆਲ ਰੱਖਦਾ ਸੀ।" ਚੌਧਰੀ ਨੇ ਆਪਣੀ ਖੁਲੀ ਬੋਲੀ ਵਿਚ ਆਖਿਆ।

"ਹੋਰ ਭਾਊ ਉਹਦੇ ਪੁੱਤਰ ਵੀ ਓਸੇ ਤਰਾਂ ਹੀ ਨੇ। ਸਰਦਾਰ ਅਵਤਾਰ ਸਿੰਘ ਨੇ ਤਾਂ ਆਪਣੇ ਗੁਰੂਆਂ ਦੇ ਹੁਕਮ ਨਾਲ ਕਾਫ਼ੀ ਲੋਕਾਂ ਨੂੰ ਜ਼ਮੀਨ ਅਲਾਟ ਕਰਵਾ ਕੇ ਟੱਬਰਾਂ ਦੇ ਟੱਬਰ ਕੀ ਪਿੰਡਾਂ ਦੇ ਪਿੰਡ ਉਸਦੀ ਭੱਜ ਨੱਸ ਕਰ ਕੇ ਹੀ ਅੱਜ ਸੁਖੀ ਵੱਸ ਰਹੇ ਹਨ। ਸਾਡੇ ਕੋਲ ਹੀ ਪਿੰਡ ਕਰੀਵਾਲੇ ਰਹਿੰਦੇ ਹਨ। ਮੇਰੇ ਮਾਮੇ ਦਾ ਪੁੱਤ ਭਰਾ ਰਜਵੰਤ ਸਿੰਘ ਦਾ ਜਵਾਈ ਏ।" ਮੈਂ ਉਹਨਾਂ ਨਾਲ ਆਪਣੇ ਰਿਸ਼ਤੇ ਦਾ ਵੀ ਜ਼ਿਕਰ ਕਰ ਦਿੱਤਾ।

"ਚੰਗਾ ਮੁੜ ਉਹਨਾਂ ਨੂੰ ਮੇਰੀ ਸਲਾਮ ਆਖੀਂ, ਮੇਰਾ ਨਾਂ ਕਾਸਮ ਏ ਤੇ ਮੈਂ ਉਹਨਾਂ ਦੇ ਪਿੰਡ ਦਾ ਹੀ ਰਹਿਣ ਵਾਲਾ ਹਾਂ। ਯਾਰ ਉਹ ਕਾਹਦੇ ਗਏ ਬੱਸ ਦੁਨੀਆ ਸੁੰਞੀ ਕਰ ਗਏ ਨੇ। ਹੁਣ ਤੇ ਪਿੰਡ 'ਚ ਰਹਿਣ ਦਾ ਈ ਕੋਈ ਹੱਜ ਨਹੀ ਜੇ।"

"ਜ਼ਰੂਰ ਮੈਂ ਤੇਰੀ ਯਾਦ ਉਹਨਾਂ ਨੂੰ ਦੁਆਵਾਂਗਾ।" ਤੇ ਹੱਥ ਮਿਲਾਕੇ ਮੈਨੂੰ ਜਫ਼ੀ ਵਿਚ ਲੈ ਲਿਆ। ਫੇਰ ਕਵੀ ਜੀ ਬਾਰੇ ਪੁਛਿਓ ਸੂ।

"ਇਹ ਸਰਦਾਰ ਕਿਥੋਂ ਦਾ ਏ ? ਬੜਾ ਬਾਂਕਾ ਜਵਾਨ ਏ,



Namdhari Elibrary NamdhariElibrary@gmail.com

ਸੁਭਾ ਦਾ ਵੀ ਚੰਗਾ ਹੀ ਲਗਦੈ।"

"ਹਾਂ ਅਸੀਂ ਕੱਠੇ ਹੀ ਆਏ ਹੋਏ ਹਾਂ, ਮੇਰੇ ਬੜੇ ਗੂੜੇ ਮਿੱਤਰ ਨੇ। ਇਹਨਾਂ ਦਾ ਨਾਂ ਪ੍ਰੀਤਮ ਸਿਘ ਹੈ ਤੇ ਇਹ ਏਧਰੋਂ ਹੀ ਪਿੰਡ ਡੱਫਰਕੇ ਤੋਂ ਗਏ ਹੋਏ ਨੇ।" ਕਵੀ ਜੀ ਬਾਰੇ ਮੈਂ ਸਖ਼ੇਪ ਜਹੀ ਜਾਣਕਾਰੀ ਦਿੱਤੀ।

'ਹਾਂ ਡੱਫਰਕੇ ਵੇਖੇ ਹੋਏ ਨੇ, ਸਾਡੀ ਵੀ ਰਿਸ਼ਤੇਦਾਰੀ ਉੱਥੇ ਪੈਂਦੀ ਏ, ਓਥੋਂ ਦਾ ਇਕ ਕਰਮ ਸਿੰਘ ਬੜਾ ਮਸ਼ਹੂਰ ਆਦਮੀ ਸੀ। ਯਾਰਾਂ ਦਾ ਯਾਰ ਤੇ ਚੋਰਾਂ ਦਾ ਸਰਦਾਰ ਅਖਵਾਂਦਾ ਸੀ।"

"ਹਾਂ ਮੇਰੇ ਸ਼ਰੀਕੇ ਵਿਚੋਂ ਹੀ ਸੀ ਤੇ ਮੱਝਾਂ ਤੇ ਜਿਹੜੀਆਂ ਵੇਖ ਲੈਂਦਾ। ਦੂਸਰੇ ਦਿਨ ਆਪਣੇ ਘਰ ਹੀ ਬੰਨ ਲੈਂਦਾ ਸੀ। ਡੱਫਰਕਾ ਪਿੰਡ ਉਸਨੇ ਬੜੀ ਦੂਰ ਦੂਰ ਤਕ ਮਸ਼ਹੂਰ ਕਰ ਛਡਿਆ ਸੀ।" ਕਵੀ ਜੀ ਨੇ ਉਹਦੀ ਹਾਂ ਵਿਚ ਹਾਂ ਮਿਲਾਈ। ਅਸੀਂ ਹਾਲੇ ਖੜੇ ਹੀ ਸਾਂ ਕਿ ਸਾਡੇ ਨੇੜੇ ਹੀ ਗੇਟ ਦੇ ਇਕ ਪਾਸੇ ਸਾਨੂੰ ਔਰਤਾਂ ਦੇ ਰੋਣ ਦੀ ਆਵਾਜ਼ ਆਈ।

ਅਸੀ ਓਧਰ ਨੂੰ ਹੋਏ ਤਾਂ ਵੇਖਿਆ ਦੋ ਬੀਬੀਆਂ ਆਪੋ ਵਿਚ ਗਲ ਲੱਗ ਕੇ ਉੱਚੀ ਉੱਚੀ ਰੋ ਰਹੀਆਂ ਸਨ। ਕੋਲ ਉਹਨਾਂ ਦੇ ਬੱਚੇ ਵੀ ਖੜੇ ਅੱਖਾਂ 'ਚ ਹੰਝੂ ਭਰੀ ਹੈਰਾਨੀ ਨਾਲ ਉਹਨਾਂ ਨੂੰ ਵੇਖ ਰਹੇ ਸਨ।

"ਕੀ ਗੱਲ ਏ ਮੀਆਂ ਸਾਹਿਬ 'ਇਹ ਭੈਣਾਂ ਕਿਓਂ ਰੋ ਰਹੀਆਂ ਨੇ।" ਕਵੀ ਜੀ ਨੇ ਕੋਲ ਖੜੇ ਇਕ ਨੌਜਵਾਨ ਨੂੰ ਪੁੱਛਿਆ, ਜੋ ਬੀਬੀਆਂ ਨੂੰ ਚੁੱਪ ਕਰਾਣ ਦਾ ਜਤਨ ਕਰ ਰਿਹਾ ਸੀ।

"ਸਰਦਾਰ ਸਾਹਿਬ ਕੀ ਦੱਸਾਂ ਬੜੀ ਦਰਦਨਾਕ ਕਹਾਣੀ ਏ। ਏਸ ਵੰਡ ਨੇ ਟੱਬਰਾਂ ਦੇ ਟੱਬਰ ਤੋੜ ਵਿਛੋੜ ਦਿੱਤੇ ਨੇ। ਇਹਨਾਂ ਦੀ ਕਹਾਣੀ ਉਸੇ ਵੰਡ ਦਾ ਸ਼ਿਕਾਰ ਹੋਇਆਂ ਦੀ ਹੈ।" ਉਸ ਨੌਜਵਾਨ ਨੇ ਗਮਗੀਨ ਲਹਿਜੇ ਵਿਚ ਆਪਣੇ ਦਿਲ ਦੀ ਭੜਾਸ ਕੱਢੀ।

"ਭਾਈ ਸਾਹਿਬ ਕੁਝ ਦੱਸੋਗੇ ਇਹਨਾਂ ਬਾਰੇ ? ਮੈਂ ਨੌਜਵਾਨ ਅੱਗੇ ਤਰਲਾ ਲਿਆ।

ਕੀਹ ਦੱਸਣਾ ਏ ਸਰਦਾਰੋ ਦਿਲ ਨੂੰ ਫੜਕੇ ਏਹ ਵਿਥਿਆ ਸੁਣਨ ਵਾਲੀ ਏ। "ਕਲੇਜਾ ਥਾਮ ਲੋ ਪਹਿਲੇ ਫਿਰ ਦਾਸਤਾਂ ਆਪਣੀ।"

ਕਿਸੇ ਸ਼ਾਇਰ ਦੇ ਸ਼ੇਅਰ ਦਾ ਇਹ ਮਿਸਰਾ ਬੋਲ ਕੇ ਨੌਜਵਾਨ ਨੇ ਇਸ ਤਰਾਂ ਕਹਿਣਾ ਆਰੰਭਿਆ।

ਪਾਕਿਸਤਾਨ ਬਣਨ ਤੋਂ ਪਹਿਲਾਂ ਇਨ੍ਹਾਂ ਦੋਹਾਂ ਦਾ ਜੋ ਕਿ ਆਪਸ ਵਿਚ ਭੈਣਾਂ ਹਨ, ਟੱਬਰ ਦਾ ਟੱਬਰ ਜ਼ਿਲਾ ਜਿਹਲਮ ਦੇ ਰਹਿਣ ਵਾਲਾ ਸੀ। ਦੋ ਭੈਣਾਂ, ਦੋ ਭਾਈ, ਮਾਤਾ ਪਿਤਾ ਪਿੰਡ ਵਿਚ ਦੁਕਾਨ ਕਰਦੇ ਸਨ। ਰੌਲਾ ਪੈ ਗਿਆ ਤੇ ਇਕ ਰਾਤ ਜ਼ਾਲਮ ਗੁੰਡਿਆਂ ਨੇ ਇਹਨਾਂ ਦੇ ਘਰ ਨੂੰ ਘੇਰ ਲਿਆ। ਇਹਨਾਂ ਦੋਹਾਂ ਭਰਾਵਾਂ, ਮਾਤਾ ਪਿਤਾ ਨੂੰ ਉਹਨਾ ਦਰਿੰਦਿਆਂ ਮਾਰ ਦਿੱਤਾ। ਇਹਨਾਂ ਦੋਹਾਂ ਭੈਣਾਂ ਨੂੰ ਰੋਂਦੀਆਂ ਕੁਰਲਾਂਦੀਆਂ ਨੂੰ ਉਹ ਲੁੱਟ ਦਾ ਮਾਲ ਸਮਝ ਕੇ ਨਾਲ ਲੈ ਗਏ। ਉਹਨਾਂ ਨਾਲ ਸਮੂਹਕ ਜਬਰਨ ਬਲਾਤਕਾਰ ਕੀਤਾ। ਪਰਚੀ ਕੱਢ ਕੇ ਛੋਟੀ ਨੂੰ ਇਕ ਗੁੰਡਾ ਨਾਲ ਲੈ ਗਿਆ ਤੇ ਦੂਜੀ ਨੂੰ ਇਕ ਹੋਰ ਨੇ ਆਪਣੇ ਪੱਟੇ ਪਾ ਲਿਆ। ਇਹ ਜ਼ਾਲਮ ਵੱਡੀ ਭੈਣ ਜਿਦਾ ਨਾਂ ਖ਼ੁਸ਼ ਸੀ ਦੂਸਰੇ ਪਿੰਡ ਲੈ ਕੇ ਜਾ ਰਿਹਾ ਸੀ ਕਿ ਰਾਹ ਵਿਚ ਸਿਪਾਹੀਆਂ ਦੀ ਗੱਡੀ ਲੰਘੀ, ਏਂਝ ਖ਼ੁਸ਼ੋ ਨੇ ਰੌਲਾ ਪਾ ਦਿੱਤਾ।

"ਵੇ ਵੀਰੋ ਮੈਨੂੰ ਏਸ ਜ਼ਾਲਮ ਤੋਂ ਬਚਾਓ, ਵੇ ਮੈਨੂੰ ਇਕ ਗੋਲੀ ਮਾਰ ਜਾਓ," ਗੱਡੀ ਖਲੋ ਗਈ ਫੌਜੀ ਥੱਲੇ ਉੱਤਰੇ ਤੇ ਹਾਲਾਤ ਦਾ ਜਾਇਜ਼ਾ ਲਿਆ। ਉਹਨਾਂ ਨੇ ਖ਼ੁਸ਼ੋ ਨੂੰ ਆਪਣੇ, ਨਾਲ ਜਾਣ ਲਈ ਕਿਹਾ ਪਰ ਉਹ ਘੜੀ ਮੁੜੀ ਏਹੀ ਰੌਲਾ ਪਾਈ ਜਾਏ, ਮੈਂ ਕਿਤੇ ਨਹੀਂ ਜਾਣਾ, ਹੁਣ ਬੱਸ ਇਕ ਗੋਲੀ ਮੇਰੇ ਤੇ ਠੰਢੀ ਕਰ ਦਿਓ, ਵੇ ਵੀਰੋ ...ਫੌਜੀਆਂ ਵਿਚ ਇਕ ਦਾ ਮਨ ਪਸੀਜਿਆ ਤੇ ਉਸ ਨੇ ਖ਼ੁਸ਼ੋ ਨੂੰ ਕਿਹਾ।

"ਭੈਣ ਤੂੰ ਸਾਡੇ ਨਾਲ ਚਲ ਅਸੀਂ ਤੈਨੂੰ ਕੈਂਪ ਵਿਚ ਪੁਚਾ ਦਿਆਂਗੇ ਤੇ ਉਥੋਂ ਤੂੰ ਭਾਰਤ ਜਾ ਸਕੇਂਗੀ।"

"ਵੇ ਭਰਾਵੋ ਮੈਂ ਭਾਰਤ ਵਿਚ ਕਿਸ ਕੋਲ ਜਾਣਾ ਹੈ। ਮਾਪੇ ਨਹੀਂ ਰਹੇ, ਭਰਾ ਨਹੀਂ ਰਹੇ, ਪੁੰਨ ਕਰੋ ਵੇ ਬੀਬੇ ਭਰਾਵੋ, ਮੈਨੂੰ ਗੋਲੀ ਮਾਰੋ ਮੈਂ ਜਿਓਣਾ ਨਹੀਂ ਚਾਹੁੰਦੀ।"

ਉਹ ਜ਼ਾਲਮ ਦਰਿੰਦਾ ਡਰਦਾ ਭੱਜ ਚੁੱਕਾ ਸੀ। ਫੌਜੀਆਂ ਨੇ ਪਰੇਰ ਕੇ ਖ਼ੁਸ਼ੋ ਨੂੰ ਨਾਲ ਬੈਠਾ ਲਿਆ ਤੇ ਲਾਹੌਰ ਕੈਂਪ ਵਿਚ ਆਪਣੇ ਕਿਸੇ ਰਿਸ਼ਤੇਦਾਰ ਮੁੰਡੇ ਵੱਲ ਬਿਠਾ ਦਿੱਤਾ, ਹੁਣ ਇਹਦੇ ਬਾਲ ਬੱਚੇ ਹਨ, ਕਾਫ਼ੀ ਸੁਖੀ ਹੈ।

ਕਵੀ ਜੀ ਤੇ ਮੈਂ ਹੈਰਾਨ ਹੋਏ ਇਸ ਵਿਥਿਆ ਨੂੰ ਸੁਣ ਰਹੇ ਸਾਂ। ਉਹ ਨੌਜਵਾਨ ਜਿਸ ਦਾ ਨਾਂ ਕਵੀ ਜੀ ਨੇ ਪੁੱਛ ਲਿਆ ਸੀ, ਅਸਲਮ ਸੀ। ਉਹ ਦੋਵੇਂ ਭੈਣਾਂ ਹਾਲੇ ਤੱਕ ਓਸੇ ਤਰਾਂ ਜ਼ਾਰ ਕਤਾਰ ਰੋ ਰਹੀਆਂ ਸਨ।

"ਤੇ ਦੂਜੀ ਬੀਬੀ ਦਾ ਕੀਹ ਬਣਿਆ," ਮੈਂ ਜਿਵੇਂ ਦੂਜੀ ਦੀ ਕਹਾਣੀ ਸੁਣਨ ਲਈ ਬਹੁਤ ਉਤਾਵਲਾ ਸਾਂ।

"ਦਸਦਾਂ ਹਾਂ, ਮੇਰੇ ਦੋਸਤ," "ਇਹ ਛੋਟੀ ਜੋ ਅੱਜ ਕਲ ਮੇਰੀ ਪਤਨੀ ਏ। ਜਿਸ ਦੇ ਹਿੱਸੇ ਇਹ ਆਈ, ਜਿਹਲਮ ਸ਼ਹਿਰ ਦਵਾਈ ਦੀ ਦੁਕਾਨ ਤੇ ਆਇਆ, ਕਿਓਂ ਕਿ ਮਾਰ ਕੁੱਟ, ਬਲਾਤਕਾਰ ਤੇ ਮਾਪਿਆਂ ਤੇ ਭਰਾਵਾਂ ਦੀ ਮੌਤ ਦੇ ਦੁੱਖ ਨੇ ਇਹਨੂੰ ਬਹੁਤ ਨਿਢਾਲ ਕਰ ਦਿੱਤਾ ਸੀ, ਬਹੁਤ ਸਖ਼ਤ ਬੀਮਾਰ ਨੂੰ ਸਰਕਾਰੀ ਹਸਪਤਾਲ ਉਹ ਜਦੋਂ ਲੈ ਕੇ ਆਇਆ ਤਾਂ ਮਰਨ ਹਾਕੀ ਹੋਈ ਪਈ ਸੀ, ਮੈਂ ਓਥੇ ਨਵਾਂ ਨਵਾਂ ਡਾਕਟਰ ਲੱਗਾ ਸਾਂ, ਮੈਂ ਇਹਦਾ ਇਲਾਜ ਸ਼ੁਰੂ ਕੀਤਾ। ਕਾਫ਼ੀ ਸੀਰੀਅਸ ਕੇਸ, ਇਹਨੂੰ


Namdhari Elibrary NamdhariElibrary@gmail.com

# ’੫੭ ਦੀ ਫ਼ੌਜੀ ਬਗ਼ਾਵਤ ਨਹੀਂ; ਕੂਕਾ-ਲਹਿਰ ਦੇਸ਼ ਦੀ ਆਜ਼ਾਦੀ ਦਾ ਪਹਿਲਾ ਸੰਘਰਸ਼ ਸੀ।

*—ਡਾ. ਅਜੀਤ ਸਿੰਘ*

ਇੱਕ ਬਾਗ਼ੀ ਤੇ ਇੱਕ ਇਨਕਲਾਬੀ ਦੇ ਅੰਤਰ ਨੂੰ ਨਿਖੇੜ ਕੇ ਮੈਂ ਫ਼ੌਜੀ ਬਗ਼ਾਵਤ ਤੇ ਕੂਕਾ-ਲਹਿਰ ਦੀ ਚਰਚਾ ਕਰਾਂਗਾ।

ਮੇਰੀ ਸੂਝ ਅਨੁਸਾਰ 'ਬਾਗ਼ੀ' ਸਾਹਸ ਨਾਲ 'ਨਾਂਹ' ਕਹਿਣ ਦੀ ਦਲੇਰੀ ਰੱਖਦਾ ਹੈ। ਅਰਥਾਤ ਉਹ ਸਮਕਾਲੀ ਨਜ਼ਾਮ ਦੀਆਂ ਵਧੀਕੀਆਂ, ਬੇ-ਇਨਸਾਫ਼ੀਆਂ, ਅੱਤਿਆਚਾਰ ਤੇ ਦੁਰਾਚਾਰ ਨੂੰ ਨਹੀਂ ਮੰਨਦਾ। ਉਸ ਦਾ ਇਹ ਰੁਖ ਤੇ ਰਵੱਈਆ ਸਮਕਾਲੀ ਨਜ਼ਾਮ ਨੂੰ ਵਾਰਾ ਨਹੀਂ ਖਾਂਦਾ। ਇਸ ਤਰ੍ਹਾਂ ਤਕਰਾਰ 'ਤੇ ਟਕਰਾਓ ਦੀ ਸਥਿਤੀ ਦਾ ਪੈਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ ਤੇ ਇਹ ਟਕਰਾਓ ਖ਼ੂਨ-ਖ਼ਰਾਬੇ ਦੀ ਸ਼ਕਲ ਵੀ ਧਾਰਨ ਕਰ ਸਕਦਾ ਹੈ। ਪਰ ਇਨਕਲਾਬੀ ਇਸ ਤੋਂ ਅੱਗੇ ਦੀ ਸੋਚਦਾ ਹੈ। ਉਹ ਅਜੇਹੇ ਨਜ਼ਾਮ ਦੀ ਕਾਇਆ-ਪਲਟੀ ਲਈ ਸੰਘਰਸ਼ ਕਰਦਾ ਹੈ।'

'੫੭ ਦੀ ਫ਼ੌਜੀ ਬਗ਼ਾਵਤ ਦੇ ਤਾਰੀਖੀ ਤੱਥ ਸਾਡੇ ਸਾਹਮਣੇ ਹਨ। ਮਸਲਨ-ਕਾਰਤੂਸਾਂ ਬਾਰੇ ਭਾਵੁਕ ਤੇ ਧਾਰਮਿਕ ਵਿਦਰੋਹ, ਉੱਤਰ-ਅਧਿਕਾਰਤਾ ਦੇ ਹੱਕ ਨੂੰ ਰੱਦ ਕਰਨਾ। ਅਰਥਾਤ ਬੇ ਔਲਾਦ ਹੋਣ ਦੀ ਸੂਰਤ ਵਿਚ ਕੋਈ ਰਾਜਾ ਜਾਂ ਰਾਣੀ ਕਿਸੇ ਨੂੰ ਗੋਦ ਨਹੀਂ ਸੀ ਲੈ ਸਕਦਾ। ਫ਼ੌਜ ਵਿੱਚ ਭਾਰਤੀ ਫੌਜੀਆਂ ਵਿਰੁੱਧ ਅੰਗਰੇਜ਼ੀ ਹਾਕਮਾਂ ਦਾ ਘਿਰਣਾ-ਭਰਿਆ ਸਲੂਕ। '੫੭ ਦੀ ਫੌਜੀ ਬਗਾਵਤ ਸ਼ੁਰੂ ਹੀ ਕਾਰਤੂਸਾਂ ਦੇ ਮਸਲੇ ਤੋਂ ਹੁੰਦੀ ਹੈ। ਹਿੰਦੂਆਂ ਲਈ ਗਊ ਤੇ ਮੁਸਲਮਾਨਾਂ ਲਈ ਸੂਅਰ ਪਵਿੱਤਰਤਾ ਦਾ ਦਰਜਾ ਰਖਦੇ ਹਨ। ਕਾਰਤੂਸਾਂ ਉੱਪਰ ਲੱਗੇ ਮੋਮੀ ਕਾਗਜ਼ ਨੂੰ ਮੂੰਹ ਨਾਲ ਲਾਹ ਕੇ ਚਲਾਉਣਾ ਪੈਂਦਾ ਸੀ। ਭਾਰਤੀ ਫ਼ੌਜੀਆਂ ਵਿੱਚ ਵਿਦਰੋਹ ਦੀ ਭਾਵਨਾ ਉਦੋਂ ਉਜਾਗਰ ਹੋਈ ਜਦੋਂ ਪਤਾ ਲੱਗਾ ਕਿ ਇਹਨਾਂ ਮੋਮੀ ਕਾਗਜ਼ਾਂ ਨਾਲ ਗਊ ਤੇ ਸੂਅਰ ਦੀ ਚਰਬੀ ਲੱਗੀ ਹੋਈ ਹੈ। ਭਾਰਤੀ ਫ਼ੌਜੀਆਂ ਨੇ ਜਦੋਂ ਅਜਿਹੇ ਕਾਰਤੂਸ ਚਲਾਉਣ ਤੋਂ ਨਾਂਹ ਕਰ ਦਿੱਤੀ ਤਾਂ ਅੰਗਰੇਜ਼ੀ ਹਾਕਮਾਂ ਨੇ ਇਸ ਨੂੰ ਬਗਾਵਤ ਸਮਝ ਕੇ ਇਹਨਾਂ ਫੌਜੀਆਂ ਨੂੰ ਬਰਖ਼ਾਸਤ ਕਰ ਦਿੱਤਾ। ਇਸ ਬਰਖਾਸਤਗੀ ਦੇ ਪ੍ਰਤਿਕਰਮ ਵਜੋਂ ਭਾਰਤੀ ਫੌਜੀਆਂ ਨੇ ਅੰਗਰੇਜ਼ਾਂ ਦੀ ਹੱਤਿਆ ਕਰ ਦਿੱਤੀ। ਇਸ ਹੱਤਿਆ ਨੂੰ ਅੰਗਰੇਜ਼ੀ ਹਾਕਮ ਕਿਵੇਂ ਸਹਿਣ ਕਰ ਸਕਦੇ ਸਨ। ਖ਼ੂਨ-ਖ਼ਰਾਬਾ ਸ਼ੁਰੂ ਹੋ ਗਿਆ। ਇਸ ਖ਼ੂਨ-ਖ਼ਰਾਬੇ ਦਾ ਸੇਕ ਦੂਜੀਆਂ ਕਈ ਫ਼ੌਜੀ ਛਾਉਣੀਆਂ ਤੱਕ ਪੁੱਜਿਆ। ਸੋ ਥਾਂ-ਥਾਂ ਬਗਾਵਤਾਂ ਹੋਈਆਂ। ਗੋਦ ਨਾ ਲੈਣ ਦੇ ਰੋਸ ਵਜੋਂ ਰਾਜੇ-ਰਾਣੀਆਂ ਦੇ ਮਨਾਂ ਵਿਚ ਵਿਦਰੋਹੀ ਪ੍ਰਤਿਕਰਮ ਦਾ ਪੈਦਾ ਹੋਣਾ ਸੁਭਾਵਕ ਸੀ। ਭਾਰਤੀ ਫੌਜੀਆਂ ਨਾਲ ਅੰਗਰੇਜ਼ੀ ਫੌਜੀ ਅਫ਼ਸਰਾਂ ਦਾ ਸਲੂਕ ਘਿਰਣਾ ਭਰਿਆ ਸੀ। ਏਸੇ ਬਗ਼ਾਵਤ ਦੌਰਾਨ ਬਹਾਦੁਰ ਸ਼ਾਹ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾਉਣਾ ਵੀ ਇਕ ਬਗ਼ਾਵਤੀ ਪ੍ਰਤਿਕਰਮ ਸੀ। ਬਹਾਦੁਰ ਸ਼ਾਹ ਕੋਲ ਨਾ ਤਖ਼ਤ ਸੀ, ਨਾ ਤਾਜ ਸੀ, ਨਾ ਫ਼ੌਜ ਸੀ, ਨਾ ਰਾਜ ਸੀ। ਇਸ ਬਗ਼ਾਵਤ ਦੇ ਵਿਸਥਾਰ ਵਿੱਚ ਮੈਂ ਇਹ ਦੱਸਣ ਲਈ ਗਿਆ ਹਾਂ ਕਿ ਇਸ ਬਗਾਵਤ ਦਾ ਮੁੱਖ-ਮੰਤਵ ਦੇਸ਼ ਦੀ ਆਜ਼ਾਦੀ ਨਹੀਂ ਸੀ। ਇਹ ਵੱਖਰੀ ਗੱਲ ਹੈ, ਜਦੋਂ ਬਗਾਵਤ ਦੀ ਅੱਗ ਫੈਲ ਗਈ ਤਾਂ ਆਮ ਲੋਕ ਵੀ ਇਸ ਦੀ ਲਪੇਟ ਵਿਚ ਆ ਗਏ। ਇਸ ਬਗਾਵਤ ਵਿਚ ਅੰਗਰੇਜ਼ੀ ਹਾਕਮਾਂ ਵਿਰੁਧ ਲੜਨ ਵਾਲਿਆਂ ਨੇ ਬਹਾਦੁਰੀ ਤੇ ਸੂਰਮਤਾਈ ਦਾ ਸਬੂਤ ਦਿੱਤਾ। ਇਸ ਬਗ਼ਾਵਤ ਨੂੰ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਕਹਿਣਾ ਇਕ 'ਫੋਬੀਆ' ਹੈ। ਵਰਿਆਮ ਦੇ ਜੂਨ ਅੰਕ ਵਿਚ ਛਪੇ ਆਪਣੇ ਲੇਖ '੧੮੫੭' ਦਾ ਗ਼ਦਰ ਤੱਥ ਦੇ ਭੁਲੇਖੇ' ਵਿਚ ਡਾ. ਪਰੇਮ ਸਿੰਘ ਲਿਖਦਾ ਹੈ: "ਇਹ ਵਿਦਰੋਹ ਅਤੇ ਟੱਕਰਾਂ ਸਥਾਨਕ ਖਾਸੇ ਦੀਆਂ ਹੋਣ ਕਾਰਨ ਕਿਸੇ ਦੇਸ਼-ਵਿਆਪੀ ਅੰਦੋਲਨ ਨੂੰ ਜਨਮ ਨਾ ਦੇ ਸਕੀਆਂ।" (ਪੰਨਾ ੩੬) ਡਾ. ਪਰੇਮ ਸਿੰਘ ਨੇ ਵੀ ਅੰਗਰੇਜ਼ੀ ਹਾਕਮਾਂ ਵਲੋਂ ਕੀਤੀਆਂ ਵਧੀਕੀਆਂ ਵਿਰੁਧ ਲੋਕਾਂ ਵਿਚ ਪੈਦਾ ਹੋਈ 'ਡੂੰਘੀ ਉਤੇਜਨਾ' ਦਾ ਜ਼ਿਕਰ ਕੀਤਾ ਹੈ।

ਬਾਗ਼ੀ ਫ਼ੌਜੀਆਂ ਨੇ ਬਹਾਦੁਰ ਸ਼ਾਹ ਨੂੰ ਤਖ਼ਤ ਤੇ ਬਿਠਾ ਦਿੱਤਾ ਸੀ ਪਰ ਕੀ ਬਹਾਦੁਰ ਸ਼ਾਹ ਦੇਸ਼ ਦੀ ਆਜ਼ਾਦੀ ਲਈ ਕਿਸੇ ਤਰ੍ਹਾਂ ਦੇ ਸੰਘਰਸ਼ ਲਈ ਸਮਰੱਥ ਸੀ ? ਹਰਗਿਜ਼ ਨਹੀਂ।

ਹੁਣ ਮੈਂ ਕੂਕਾ-ਲਹਿਰ ਦੀ ਚਰਚਾ ਕਰਨੀ ਚਾਹਾਂਗਾ। ਇਹ ਲਹਿਰ ਕਦੋਂ, ਕਿਵੇਂ ਤੇ ਕਿਉਂ ਸ਼ੁਰੂ ਹੋਈ, ਇਸ ਬਾਰੇ ਮੈਂ ਆਪਣੇ ਕਈ ਪਹਿਲੇ ਲੇਖਾਂ ਵਿਚ ਲਿਖ ਚੁੱਕਾ ਹਾਂ। ਦੁਹਰਾਉਣ ਦਾ ਕੋਈ ਫਾਇਦਾ ਨਹੀਂ। ਇਸ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਰੱਬੀ ਸ਼ਖ਼ਸੀਅਤ ਬਾਰੇ ਵੀ ਮੈਂ ਚਰਚਾ ਕਰ ਚੁੱਕਾ ਹਾਂ। ਏਸ ਲਈ ਇਸ ਸੰਬੰਧੀ ਦੁਹਰਾਉਣ ਦਾ ਵੀ ਕੋਈ ਲਾਭ ਨਹੀਂ। ਪਰ ਮੈਂ ਕੂਕਾ-ਲਹਿਰ ਨੂੰ ਜਮਾਤੀ ਪੱਧਰ 'ਤੇ ਲੜਿਆ ਗਿਆ ਦੇਸ਼ ਦੀ ਆਜ਼ਾਦੀ ਦਾ ਪਹਿਲਾ ਇਨਕਲਾਬੀ ਸੰਘਰਸ਼ ਮੰਨਦਾ ਹਾਂ। ਇਸ ਦੀ ਪੁਸ਼ਟੀ ਇਤਿਹਾਸ ਦੇ ਤੱਥ ਤੇ ਤੱਥਾਂ ਦੀ ਸਾਰਥਕਤਾ ਕਰਦੀ ਹੈ।

ਅੰਗਰੇਜ਼ੀ ਹਾਕਮਾਂ ਦੀਆਂ ਖੁਫ਼ੀਆ ਰਿਪੋਰਟਾਂ ਵਿਚੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕੂਕਾ-ਲਹਿਰ ਦਾ ਮੁੱਖ-ਮੰਤਵ ਨਿਰੋਲ ਧਾਰਮਿਕ ਨਹੀਂ ਸੀ ਸਗੋਂ ਰਾਜਨੀਤਕ ਸੀ। ਕੂਕੇ 'ਮਲੇਛ' ਰਾਜ ਦੇ ਨਜ਼ਾਮ ਨੂੰ ਬਦਲਣ ਲਈ ਸੰਘਰਸ਼ ਕਰ ਰਹੇ ਹਨ। ਨੇਪਾਲ ਤੇ ਕਸ਼ਮੀਰ ਦੀ ਫੌਜ ਵਿਚ ਕੂਕਿਆਂ ਦੀ ਸ਼ਮੂਲੀਅਤ ਧਾਰਮਿਕ



Namdhari Elibrary NamdhariElibrary@gmail.com

ਪ੍ਰਚਾਰ ਲਈ ਨਹੀਂ ਸੀ। ਰੂਸ ਤੱਕ ਸੂਬਾ ਗੁਰਚਰਨ ਸਿੰਘ ਰਾਹੀਂ ਰਸਾਈ ਕਰਨੀ ਤੇ ਰੂਸ ਦੀ ਸਹਾਇਤਾ ਨਾਲ 'ਮਲੇਛ' ਰਾਜ ਦੇ ਖ਼ਾਤਮੇ ਬਾਰੇ ਜਹਾਦੀ ਰੁਖ ਅਪਨਾਉਣਾ ਨਾ ਸਿਰਫ਼ ਰਾਜਨੀਤਕ ਅਮਲ ਸੀ, ਸਗੋਂ ਇੱਕ ਇਨਕਲਾਬੀ ਸੰਘਰਸ਼ ਦੀ ਪਹੁੰਚ ਸੀ। ਸਭ ਤੋਂ ਵੱਡੀ ਗੱਲ ਇਹ ਕਿ ਕੂਕਾ-ਲਹਿਰ ਨੇ ਅੰਗਰੇਜ਼ੀ ਰਾਜ-ਪ੍ਰਬੰਧ ਦੇ ਮਤਵਾਜ਼ੀ ਆਪਣਾ ਰਾਜ-ਪ੍ਰਬੰਧ ਚਲਾਇਆ। ਦੇਸ਼ ਨੂੰ ਸੂਬਿਆਂ ਵਿਚ ਵੰਡਿਆ ਗਿਆ। ਥਾਂ-ਥਾਂ ਸੂਬੇ ਨਿਯੁਕਤ ਕੀਤੇ ਗਏ। ਸਰਕਾਰੀ ਰਾਜ-ਪ੍ਰਬੰਧ ਦਾ ਮੁਕੰਮਲ 'ਬਾਈਕਾਟ' ਕੀਤਾ ਗਿਆ। ਆਪਣਾ ਇਨਸਾਫ਼ ਆਪਣੀ ਪੰਚਾਇਤ ਤੇ ਆਪਣਾ ਡਾਕ ਦਾ ਸਿਲਸਿਲਾ।

ਮੈਂ ਉੱਪਰ ਲਿਖਿਆ ਹੈ ਕਿ ਕੂਕਾ ਲਹਿਰ ਦੇਸ਼ ਦੀ ਆਜ਼ਾਦੀ ਦਾ ਜਮਾਤੀ ਪੱਧਰ 'ਤੇ ਲੜਿਆ ਗਿਆ ਪਹਿਲਾ ਇਨਕਲਾਬੀ ਸੰਘਰਸ਼ ਸੀ। 'ਜਮਾਤੀ' ਸ਼ਬਦ ਮੈਂ 'ਮਾਰਕਸਵਾਦ' ਘਸੋੜਣ ਲਈ ਨਹੀਂ ਵਰਤਿਆ ਹੈ। ਇਹ ਵੀ ਇਤਿਹਾਸ ਦੀ ਯਥਾਰਥਕਤਾ ਹੈ। ਇੱਕ ਪਾਸੇ ਅੰਗਰੇਜ਼ ਹਾਕਮ ਸਨ, ਸਿੱਖ ਰਿਆਸਤਾਂ ਜਿਵੇਂ ਪਟਿਆਲਾ, ਨਾਭਾ ਤੇ ਜੀਂਦ ਦੇ ਰਾਜੇ-ਮਹਾਰਾਜੇ ਇਹਨਾਂ ਦੇ ਪਿੱਠੂ ਸਨ। ਗੁਰਧਾਮਾਂ ਦਾ ਮਹੰਤੀ ਟੋਲਾ ਤੇ ਹੋਰ ਖਾਂਦੇ-ਪੀਂਦੇ ਜਗੀਰਦਾਰ ਵੀ ਏਸੇ ਜਮਾਤ ਵਿੱਚ ਸ਼ਾਮਲ ਸਨ। ਦੂਜੇ ਪਾਸੇ ਬਾਬਾ ਰਾਮ ਸਿੰਘ ਦੀ ਫੌਜ ਵਿੱਚ ਪਿੰਡਾਂ ਦੇ ਕੰਮੀ-ਕਿਸਾਨ, ਨਾਈ, ਛੀਂਬੇ, ਝਿਊਰ, ਤਰਖਾਣ ਤੇ ਚੂਹੜੇ-ਚਮਿਆਰ ਸ਼ਾਮਲ ਸਨ ਜਿਨ੍ਹਾਂ ਕੋਲ ਲੜਣ ਲਈ ਕਿਸੇ ਤਰ੍ਹਾਂ ਦਾ ਕੋਈ ਹੱਥਿਆਰ ਨਹੀਂ ਸੀ। ਇਸ ਦੇ ਬਾਵਜੂਦ ਅੰਗਰੇਜ਼ੀ ਨਜ਼ਾਮ ਦੀ ਕਾਇਆ-ਪਲਟੀ ਲਈ ਸੰਘਰਸ਼ ਕਰਨਾ ਇਨਕਲਾਬੀ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ?

ਜੇ ਅੰਗਰੇਜ਼ੀ ਹਾਕਮਾਂ ਨੂੰ ਕੂਕਾ-ਲਹਿਰ ਦੇ ਇਨਕਲਾਬੀ ਸੰਘਰਸ਼ ਰਾਹੀਂ ਨਜ਼ਾਮ ਦੀ ਕਾਇਆ ਪਲਟੀ ਦਾ ਡਰ ਨਾ ਹੁੰਦਾ ਤਾਂ ਉਹ ਕਸ਼ਮੀਰ ਤੇ ਨੇਪਾਲ ਦੀ ਫੌਜ ਵਿਚੋਂ ਕੂਕਿਆਂ ਦੀ ਬਰਖਾਸਤਗੀ ਲਈ ਜ਼ੋਰ ਨਾ ਦਿੰਦੇ। ਜੇ ਉਹਨਾਂ ਨੂੰ ਇਹ ਪਤਾ ਹੁੰਦਾ ਕਿ ਇਹ ਲਹਿਰ ਨਿਰੋਲ ਧਾਰਮਿਕ ਲਹਿਰ ਹੈ ਤਾਂ ਉਹ ਇਸ ਲਹਿਰ ਦੇ ਬਾਨੀ ਨੂੰ ਕਾਲੇ-ਪਾਣੀ ਦੀ ਸਜ਼ਾ ਨਾ ਦਿੰਦੇ। ਮਲੇਰ-ਕੋਟਲੇ ਵੱਲ ਜਾ ਰਹੇ ਕੂਕੇ ਵੀ ਧਾਰਮਿਕ ਪਰਚਾਰ ਲਈ ਨਹੀਂ ਸੀ ਗਏ। ਉਹ ਅਸਲਾ, ਲੈਣ ਲਈ ਗਏ ਸਨ। ਅੰਗਰੇਜ਼ੀ ਹਾਕਮਾਂ ਨੂੰ ਭਿਣਕ ਪੈ ਗਈ ਤੇ ਕੂਕਿਆਂ ਨੂੰ ਫੜ ਕੇ ਤੋਪਾਂ ਮੂਹਰੇ ਖੜੇ ਕਰਕੇ ਫੀਤਾ ਫੀਤਾ ਕਰ ਦਿੱਤਾ। ਤੋਪਾਂ ਭੇਜਣ ਵਾਲੇ ਸਿੱਖ ਰਿਆਸਤਾਂ ਦੇ ਰਾਜੇ-ਮਹਾਰਾਜੇ ਸਨ। ਇਸ ਅਕਹਿ ਤੇ ਅਸਹਿ ਅੱਤਿਆਚਾਰ ਦੇ ਹੱਕ ਵਿਚ ਕਾਵਨ ਤੇ ਫਾਰਿਸਥ ਦੇ ਹੱਕ ਵਿਚ ਇੰਗਲੈਂਡ ਚਿੱਠੀਆਂ ਲਿਖਣ ਵਾਲੇ ਵੀ ਰਾਜੇ-ਮਹਾਰਾਜੇ ਤੇ ਜਾਗੀਰਦਾਰ ਸਨ।

ਕਿਹਾ ਜਾ ਸਕਦਾ ਹੈ ਕਿੰ ਜੇ ਕੂਕਾ ਲਹਿਰ ਦੇਸ਼ ਦੀ ਆਜ਼ਾਦੀ ਦਾ ਪਹਿਲਾ ਇਨਕਲਾਬੀ ਸੰਘਰਸ਼ ਸੀ ਤਾਂ ਇਸ ਦੀ ਦੇਸ਼ ਭਰ ਵਿਚ ਓਨੀ ਚਰਚਾ ਨਹੀਂ ਹੋਈ ਜਿੰਨੀ ਹੋਣੀ ਚਾਹੀਦੀ ਸੀ। ਇਹ ਹੋ ਹੀ ਨਹੀਂ ਸੀ ਸਕਦੀ। ਅੰਗਰੇਜ਼ੀ ਹਾਕਮਾਂ ਦਾ ਜ਼ੁਲਮ, ਰਾਜੇ-ਮਹਾਰਾਜਿਆਂ ਦਾ ਜ਼ਾਲਮਾਂ ਦਾ ਸਾਥ-ਦੇਣਾ ਤੇ ਕੂਕਿਆਂ ਕੋਲ ਕਿਸੇ ਤਰ੍ਹਾਂ ਦੇ ਅਸਲੇ ਦੀ ਅਸਲੋਂ ਅਣਹੋਂਦ ਕਾਰਨ ਇਹ ਲਹਿਰ ਦੇਸ਼ ਵਿਚ ਕਿਵੇਂ ਫੈਲ ਸਕਣੀ ਸੀ ? ਦੂਜਾ ਕਾਰਨ, ਮੇਰੀ ਜਾਚੇ, ਇਸ ਅੰਦੋਲਨ ਨੂੰ ਬਰਾਦਰੀ ਜਾਂ ਵਰਗ ਵਿਸ਼ੇਸ਼ ਨਾਲ ਜੋੜਣਾ ਹੈ। ਅਸਲ 'ਚ ਕੂਕਾ-ਲਹਿਰ ਦੇ ਇਸ ਇਨਕਲਾਬੀ ਸੰਘਰਸ਼ ਦਾ ਇਤਿਹਾਸ ਦੇਸ਼ ਦੀ ਹਰ ਬੋਲੀ ਵਿੱਚ ਛਪਣਾ ਚਾਹੀਦਾ ਹੈ। ਇਸ ਦੀ ਵਿਸ਼ਾਲਤਾ ਦੀ ਮਹਾਨਤਾ ਨੂੰ ਮਹਿਦੂਦ ਕਰਨਾ, ਇਸ ਲਹਿਰ ਨਾਲ ਬੇ-ਇਨਸਾਫੀ ਕਰਨਾ ਹੈ। ਨਾਮਧਾਰੀ ਸਮਾਜ ਨੂੰ ਨਹੀਂ ਸਗੋਂ ਦੇਸ਼ ਦੇ ਸੁ-ਜੱਗ ਇਤਿਹਾਸਕਾਰਾਂ ਨੂੰ ਇਸ ਬਾਰੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਜੁਲਾਈ ਦੇ 'ਵਰਿਆਮ' ਦੇ ਪੰਨਾ ੪੨ ਉੱਤੇ ਇਕ ਖਬਰ ਛਪੀ ਹੈ: "ਲਾਲ ਕਿਲਾ ਦਿੱਲੀ ਵਿਖੇ ੧੮੫੭ ਦੇ ਸੁਤੰਤਰਤਾ ਸੰਗ੍ਰਾਮ ਸੰਬੰਧੀ ਸਮਾਰੋਹ"। ਇਸ ਵਿਚੋਂ ਇੱਕ ਟੂਕ ਦੇਣੀ ਚਾਹਾਂਗਾ, "ਪਰ ਅਫ਼ਸੋਸ ਵਾਲੀ ਗੱਲ ਇਹ ਸੀ ਕਿ ਭਾਵੇਂ ਪ੍ਰੋਗਰਾਮ ਦੇ ਸੂਤਰਧਾਰਾਂ ਨੇ ਨਾਮਧਾਰੀ ਅੰਦੋਲਨ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਕੀਤਾ ਪਰ ਨੇਤਾਵਾਂ ਨੇ ਨਾਂਅ ਲੈਣਾ ਯੋਗ ਨਾ ਸਮਝਿਆ।" ਇਹਨਾਂ ਨੇਤਾਵਾਂ ਵਿੱਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਸ਼ਾਮਲ ਸਨ। ਡਾ. ਮਨਮੋਹਨ ਸਿੰਘ ਬੜੇ ਸੁਲਝੇ ਹੋਏ ਮਹਾਨ ਵਿਦਵਾਨ ਹਨ ਤੇ ਇੱਕ ਸਿੱਖ ਵੀ ਹਨ। ਉਹਨਾਂ ਨੂੰ ਵੀ ਕੂਕਾ-ਲਹਿਰ ਦੀ ਇਤਿਹਾਸਕ ਮਹਾਨਤਾ ਦਾ ਇਲਮ ਨਹੀਂ ਸੀ ? ਇਹ ਹੋ ਨਹੀਂ ਸਕਦਾ। ਚੁੱਪ ਰਹਿਣ ਦੇ ਦੋ ਜਾਂ ਤਿੰਨ ਕਾਰਨ ਹੋ ਸਕਦੇ ਹਨ। ਪਹਿਲਾਂ ਤਾਂ ਏਹੀ ਕਿ ਉਹ ਆਪ ਸਿੱਖ ਹਨ। ਦੂਜਾ, ੧੮੫੭ ਦੇ ਸੁਤੰਤਰਤਾ ਸੰਗ੍ਰਾਮ ਦੇ 'ਫੋਬੀਆ' ਤੋਂ ਮੁਕਤ ਹੋਣਾ ਸੌਖਾ ਕੰਮ ਨਹੀਂ। ਤੀਜੇ, ਸੰਭਵ ਹੈ, ਉਹਨਾਂ ਨੂੰ ਕੂਕਾ-ਲਹਿਰ ਦੀ ਇਤਿਹਾਸਕ ਤੇ ਇਨਕਲਾਬੀ ਮਹਾਨਤਾ ਦੀ ਭਰਪੂਰ ਜਾਣਕਾਰੀ ਹੋਵੇ ਹੀ ਨਾਂਹ।

ਮੈਂ ਇਤਿਹਾਸ ਦਾ ਵਿਦਿਆਰਥੀ ਹਾਂ। ਮੈਂ ਕਿਧਰੇ ਵੀ ੧੮੫੭ ਦਾ ਇਨਕਲਾਬ ਸਿਰਲੇਖ ਨਹੀਂ ਪੜ੍ਹਿਆ। 'ਵਰਿਆਮ' ਦੇ ਜੂਨ ਅੰਕ ਉੱਤੇ ਦਿੱਤੇ ਟਾਈਟਲ ਹੇਠ ਲਿਖਿਆ ਹੈ: ਗ਼ਦਰ ੧੮੫੭। ਗ਼ਦਰ ਜਾਂ ਬਗ਼ਾਵਤ ਬਾਰੇ ਮੈਂ ਉੱਪਰ ਲਿਖ ਚੁੱਕਾ ਹਾਂ ਕਿ ਇਹ ਇਨਕਲਾਬੀ ਸੰਘਰਸ਼ ਨਹੀਂ ਹੁੰਦਾ। ਜੇ ਕੂਕਾ-ਲਹਿਰ ਆਪਣੇ ਮੰਤਵ ਵਿੱਚ ਸਫਲ ਹੋਈ ਤਾਂ ਇਸ ਦਾ ਇਹ ਮਤਲਬ ਇਹ ਨਹੀਂ ਕਿ ਇਹ ਦੇਸ਼ ਦੀ ਆਜ਼ਾਦੀ ਦਾ ਪਹਿਲਾ ਜਮਾਤੀ-ਇਨਕਲਾਬੀ ਸੰਘਰਸ਼ ਨਹੀਂ ਸੀ। ਲੋੜ ਇਤਿਹਾਸਕਤਾ ਦੇ ਤੱਤ ਤੇ ਸੱਚ ਨੂੰ ਜਾਨਣ ਪਛਾਣਨ ਦੀ ਹੈ।



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

OPP. : INDUSTRIAL ESATE,

JAMMU CANTT.



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*





Namdhari Elibrary NamdhariElibrary@gmail.com

ਸਭ ਤੇਗਾਂ, ਕਿਰਪਾਨਾਂ ਹੁਣ ਤਾਂ,
ਜਾਮ ਪਈਆਂ ਨੇ ਵਿਚ ਮਿਆਨਾਂ।
ਧਰਤੀ ਦੀ ਮਰਿਯਾਦਾ ਭੁੱਲੀ,
ਵਿੰਨਿਆਂ ਆਪਣੇ ਤੀਰ ਕਮਾਨਾਂ।

ਸਾਡੇ ਵਿਚੋਂ ਮਰ ਚੁੱਕਿਆ ਹੈ,
ਸੱਚ ਦਾ ਪੁੱਤਰ, ਗੁਰ ਦਾ ਚੇਲਾ।
ਨੱਕੋ ਨੱਕ ਜ਼ੁਲਮਾਂ ਦਾ ਸਰਵਰ,
ਹੋਇਆ ਹੁਣ ਤਾਂ ਤਰਣ ਦੁਹੇਲਾ।

ਸੀਸ ਤਲੀ ਤੇ ਧਰਕੇ ਜਿਹੜਾ,
ਸਾਡੇ ਲਈ ਸਰਬੰਸ ਲੁਟਾਵੇ।
ਦੀਨ ਦੁਖੀ ਦੀ ਢਾਲ ਬਣੇ ਤੇ,
ਜਬਰ ਜ਼ੁਲਮ ਨੂੰ ਮਾਰ ਮੁਕਾਵੇ।
ਸਾਡੇ ਰੌਸ਼ਨ ਕੱਲ੍ਹ ਦੀ ਖਾਤਰ,
ਟੁਕੜੇ ਟੁਕੜੇ 'ਅੱਜ' ਕਰਵਾਵੇ।

ਸ਼ੇਰ ਦੇ ਲੀੜੇ ਭੇਡੂ ਪਾ ਲਏ,
ਉਸ ਨੂੰ ਕੋਈ ਸ਼ੇਰ ਨਹੀਂ ਕਹਿੰਦਾ।
ਲੀਲ੍ਹਾ ਕਰਕੇ ਰਾਮ ਬਣੇ ਨਾ,
ਰਾਮੂ ਤਾਂ ਰਾਮੂ ਹੀ ਰਹਿੰਦਾ।
ਜਦ ਗਿੱਦੜ ਦੀ ਮੌਤ ਬੁਲਾਵੇ,
ਹੰਕਾਰੀ ਹੈ ਹਰ ਥਾਂ ਖਹਿੰਦਾ।
ਅੱਜ ਇਰਾਕ ਸੁਹਾਗਾ ਫੇਰੇ,
ਪਹਿਲਾਂ ਵੀਅਤਨਾਮ ਤੇ ਚੜ੍ਹਿਆ।
ਧਰਤੀ ਦੇ ਅਣਖੀਲੇ ਪੁੱਤਰਾਂ,
ਇਸ ਦਾ ਅੱਥਰਾ ਘੋੜਾ ਫੜਿਆ।

ਜਾਗੋ, ਜਾਗੋ, ਸੌਣ ਵਾਲਿਉ,
ਹੋ ਚੁਕਿਆ ਜਾਗਣ ਦਾ ਵੇਲਾ।
ਚਾਰ ਦਿਨਾਂ ਦੀ ਕੁਲ ਜ਼ਿੰਦਗਾਨੀ,
ਹੋ ਨਾ ਜਾਵੇ ਹੋਰ ਕੁਵੇਲਾ।

੧੧੩ ਔਂਫ, ਸ਼ਹੀਦ ਭਗਤ ਸਿੰਘ ਨਗਰ
ਪੱਖੋਵਾਲ ਰੋਡ, ਲੁਧਿਆਣਾ।
gurbhajanpau@rediffmail.com

# ਗੀਤ

*—ਮਹਿਮਾ ਸਿੰਘ ਤੂਰ*

ਆ ਓਏ ਦਿਲਾ ਕੁਝ ਕਰੀਏ ਸਵੱਲਿਆ
ਭਾਵੇਂ ਜ਼ਿੰਦਾ ਰਹੀਏ, ਭਾਵੇਂ ਮਰੀਏ ਸਵੱਲਿਆ...

ਧਿਆਨ ਨਾਲ ਰੋਈਏ ਅਤੇ ਧਿਆਨ ਨਾਲ ਹੱਸੀਏ
ਦਿਲ ਵਾਲਾ ਦੁੱਖੜਾ ਨਾ ਕਿਸੇ ਨੂੰ ਵੀ ਦੱਸੀਏ
ਸਮੇਂ ਦੀਆਂ ਲਹਿਰਾਂ ਉੱਤੇ ਤਰੀਏ ਸਵੱਲਿਆ
ਭਾਵੇਂ ਜ਼ਿੰਦਾ ਰਹੀਏ, ਭਾਵੇਂ ਮਰੀਏ ਸਵੱਲਿਆ...

ਜ਼ਰਖੇਜ਼ ਭੂੰਮੀ ਨੂੰ ਜ਼ਮੀਨ ਕਿਹਾ ਜਾਂਦਾ ਹੈ
ਪਿਆਰ ਵਾਲਾ ਸੁਪਨਾ ਹੁਸੀਨ ਕਿਹਾ ਜਾਂਦਾ ਹੈ
ਕੋਈ ਭੈ ਮੰਨ ਕੇ ਨਾ ਠਰੀਏ ਸਵੱਲਿਆ
ਭਾਵੇਂ ਜ਼ਿੰਦਾ ਰਹੀਏ, ਭਾਵੇਂ ਮਰੀਏ ਸਵੱਲਿਆ...

ਕੁਝ ਚਿਰ ਯਾਦ ਬਣੇ ਸਾਡੀ ਵੀ ਜਹਾਨ 'ਤੇ
ਉਂਗਲ ਨਾ ਚੁੱਕ ਸਕੇ ਕੋਈ ਸਾਡੀ ਸ਼ਾਨ 'ਤੇ
ਐਹੋ ਜਿਹਾ ਕੰਮ ਕੋਈ ਕਰੀਏ ਸਵੱਲਿਆ
ਭਾਵੇਂ ਜ਼ਿੰਦਾ ਰਹੀਏ, ਭਾਵੇਂ ਮਰੀਏ ਸਵੱਲਿਆ...

ਆ ਓਏ ਦਿਲਾ ਕੁਝ ਕਰੀਏ ਸਵੱਲਿਆ
ਭਾਵੇਂ ਜ਼ਿੰਦਾ ਰਹੀਏ, ਭਾਵੇਂ ਮਰੀਏ ਸਵੱਲਿਆ...।

ਹਲਵਾਰਾ (ਲੁਧਿਆਣਾ — ੧੪੧੧੦੭

# ਗ਼ਜ਼ਲ

*—ਪ੍ਰਿੰ. ਕਰਤਾਰ ਸਿੰਘ ਕਾਲੜਾ*

ਆਦਮੀ ਬੈਠਾ ਹੈ ਹਰ ਵੇਲੇ ਕਿਸੇ ਦੀ ਮਾਰ 'ਤੇ,
ਪੜ੍ਹ ਰਹੇ ਨੇ ਲੋਕ ਇਹ ਲਿਖਿਆ ਹੈ ਜੋ ਦੀਵਾਰ 'ਤੇ!

ਦੇਸ਼ ਭਗਤੀ ਹੁਣ ਨਹੀਂ ਪਲਦੀ ਲਹੂ 'ਤੇ ਜਾਨ 'ਤੇ,
ਦੇਸ਼ ਭਗਤੀ ਦਾ ਵਿਖਾਵੇ ਰਿਸ਼ਵਤੀ ਕਿਰਦਾਰ 'ਤੇ!

ਆਪਣੀ ਹਿੰਮਤ 'ਤੇ ਨਾ ਸ਼ੰਕਾ ਹੈ ਨਾ ਹੀ ਪਹੁੰਚ 'ਤੇ,
ਸ਼ੱਕ ਹੈ ਕੇਵਲ ਤਾਂ ਉਹ ਹੈ ਆਪਣੀ ਸਰਕਾਰ 'ਤੇ!

ਗੋਲਕਾਂ ਜੇ ਧਰਮੀਆਂ ਦੀ ਮਾਰ 'ਤੋਂ ਬਚ ਜਾਣ ਤਾਂ,
ਮੱਤ ਨਾਨਕ ਦਾ ਉਦੋਂ ਪਸਰੇਗਾ ਕੁਲ ਸੰਸਾਰ 'ਤੇ!

ਰੋ ਰਹੇ ਵਾਤਾਨੁਕੂਲਾਂ ਵਿਚ ਬਹਿ ਕੇ ਧਨ-ਕੁਬੇਰ,
ਹੱਸਦੇ ਮਰਜੀਵੜੇ ਦੇਖੇ ਸਦਾ ਹੀ ਦਾਰ 'ਤੇ!

ਵੇਚਦੇ ਹਾਂ ਵੋਟ ਜਦ ਨਸ਼ਿਆਂ ਤੇ ਨੋਟਾ ਦੇ ਇਵਜ਼,
ਫਿਰ ਭਲੇ ਦੀ ਆਸ ਰਖ ਸਕਦੇ ਹਾਂ ਕਿਸ ਆਧਾਰ 'ਤੇ ?

'ਕਾਲੜਾ ਜੀ' ਜ਼ਿੰਦਗੀ ਨੇ ਪਾਲਿਆ ਹੈ ਸਾਥ-ਖ਼ੂਬ,
ਟੇਕ ਆਪਣੀ ਜੋ ਰਹੀ ਹੈ ਆਦਿ ਤੋਂ 'ਕਰਤਾਰ' 'ਤੇ!!

ਬਹਿਰ :- ਰਮਲ ਮੁਸੰਮਨ ਮਹਿਜ਼ੂਫ/ਮਕਸੂਰ
ਰੁਕਨ : ਫ਼ਾਇਲਾਤੁਨ, ਫ਼ਾਇਲਾਤੁਨ, ਫ਼ਾਇਲਾਤੁਨ ਫਾਇਲਾਤੁਨ
ਫਾਇਲੁਨ/ ਫ਼ਾਇਲਾਤ ਪ੍ਰਤੀ ਮਿਸਰਾ



Namdhari Elibrary NamdhariElibrary@gmail.com

## ਹਰਿ ਕਾ ਨਾਮ ਹੀ ਸ਼ਕਤ ਭੰਡਾਰਾ

*—ਦਲਬੀਰ ਸਿੰਘ ਤਰਸ (ਅਸਟ੍ਰੇਲੀਆ)*

੧

ਹਰਿ ਕਾ ਨਾਮ ਹੀ ਸ਼ਕਤ ਭੰਡਾਰਾ, ਮੂਰਖ ਮੁਗਧ ਪਛਾਣ!,
ਇਸ ਦੀ ਰੰਗਤ ਦੇ ਵਿੱਚ ਮੜ੍ਹਿਆ, ਅਮਰ ਹੋਏ ਇਨਸਾਨ।

ਇਸ ਸੰਗਤ ਦੇ ਬੂਟੇ ਨੂੰ, ਲੱਗਣ ਫੁੱਲ ਸਤ ਰੰਗੇ,
ਬਖਸ਼ੀਸ਼ ਦੇ ਐਸੇ ਸੋਮੇਂ ਚੋਂ,ਮਿਲਦੇ ਬਲ ਅਮੰਗੇ[1]।

ਇਸ ਦੇ ਨੂਰ 'ਚ ਨੈਣ ਡੁਬਾਇਆਂ, ਇੱਕ ਹੋਰ ਹੀ ਨੇਤਰ ਖੁੱਲ੍ਹਦਾ,
ਜਿਸ ਦੇ ਚਾਨਣ ਵਿੱਚ ਖਲੋਇਆਂ, ਇਸ ਜੱਗ ਦਾ ਚਾਨਣ ਭੁੱਲਦਾ।

ਹਰਿ ਕਾ ਨਾਮ ਜਾਂ ਕੂੜ ਪਛਾਣੇ, ਬਣ ਕੇ ਸੱਤ ਫੜੇ ਤਲਵਾਰ,
ਜ਼ੁਲਮ ਦੇ ਆਹੂ ਲਹਿ ਕੇ ਰਹਿੰਦੇ,ਕਾਲ ਦਾ ਹੋਵੇ ਹਲਕਾ ਭਾਰ।

ਜੋੜੀ ਰੱਖੀਏ ਇਸ ਨਾ ਪਰਾਣ;
ਇਸ ਦਰੋਂ ਆਵਣ ਸੌਂਭੇ ਤਰਾਣ;
ਸੂਝ ਦੀ ਵਹਿੰਦੀ ਨਿਰਮਲ ਧਾਰਾ,
ਜਗਤ੍ਰ ਹੋਏ ਕਲਿਆਣ।

*1:ਅਮੰਗੇ-ਬਿਨ ਮੰਗਿਆਂ।*

੨

ਪਾਣੀ ਦੇ ਵਿੱਚ ਪਾਥਰ ਡੁੱਬੇ, ਮਾਨ[1] ਮਾਇਆ ਵਿੱਚ ਮਰਦਾ,
ਇਹ ਬਿੱਖ ਮਾਇਆ ਦਾ ਰਸ, ਜੋ ਪੀ ਲਏ, ਬੇ ਰਸ ਕਰਦਾ।

ਜਿਹਬਾ ਨਾਲ ਛੁਹਾਇਆਂ ਇਸ ਨੂੰ, ਕਰ ਲਏ ਆਪ ਪਸਾਰਾ,
ਸੋਚ ਸੂਝ ਸਭ ਬੇਸੁੱਧ ਹੋ ਜਏ, ਨਾ ਕੋਈ ਦੀਸੇ ਪਾਰ ਉਤਾਰਾ।

ਮੈਂ ਮੇਰੀ ਵਿੱਚ ਨੇਤਰ ਖੋਏ, ਅਗਿਆਨ ਅੰਧੇਰਾ ਪਸਰੀ ਜਾਏ,
ਪਹਿਚਾਣ ਲਿਆ ਜਾਂ[2] ਰਸ ਸੋਮਾ, ਸੋਚ ਸੁਚੇਰੀ ਉਸਰੀ ਜਾਏ।

*ਮੈਂ ਮਾਇਆ ਤੋਂ ਪਾ ਛੁਟਕਾਰਾ, ਤੂੰ ਵਿੱਚ ਜੋ ਗੁਲਤਾਨ[3] ਹੋਏ,*
*ਕਾਰ ਕਰਮ ਉਸਿ[4] ਸੇਵ'ਚ ਕਰਦੇ, ਜਗ ਦੇ ਵਿੱਚ ਮਹਾਨ ਹੋਏ।*

ਮੈਂ ਤੋਂ ਮੋਇਆਂ ਮਿਟਣ ਝੱਲ[5];
ਤੂੰ ਵਿੱਚ ਤੁਰਿਆਂ ਪਾਈਏ ਬੱਲ;
ਸਾਸ ਸਾਸ ਜਿਨ੍ਹਾਂ ਸੇਵਿਆ ਸਾਜਨ,
ਪ੍ਰਭ ਜੀ ਸੁਹਣ ਉਸ ਦੇ ਵੱਲ।

*1:ਮਾਨ-ਮਾਨਵ 2:ਜਾਂ-ਜਿਨ੍ਹਾਂ ਨੇ 3:ਗੁਲਤਾਨ-ਮਸਤ 4:ਉਸਿ-ਪ੍ਰਭੂ ਦੀ 5:ਝੱਲ-ਮੂਰਖਤਾਈ।*

*ਤੇਰੀ ਸੰਗਤਿ[1] ਸਾਜਨ ਵਹਿ ਕੇ, ਸੁਆਦ ਸੁਆਦ ਹੋ ਜਾਵਾਂ,*
*ਹਲਕੇ ਪੈ ਜਣ[2] ਇ[3] ਜੱਗ ਨਾਤੇ,ਸੁਰ ਵਿੱਚ ਤੁਧਹਿ ਧਿਆਵਾਂ।*

*'ਪੁਸਤਕ ਸੁਹਾਗਣ ਵਿਚੋਂ'*

## ਸ. ਗੁਰਬੀਰ ਸਿੰਘ ਜੰਮੂ ਦਾ ਵਿਛੋੜਾ

ਸਾਡੇ ਬਹੁਤ ਪਿਆਰੇ ਅਤੇ ਨਿਘੇ ਅਜ਼ੀਜ਼ ਸ. ਗੁਰਬੀਰ ਸਿੰਘ ਜੰਮੂ ਵਾਲੇ ਜੋਬਨ ਰੁੱਤੇ ਸਾਥੋਂ ਵਿਦਾ ਹੋ ਗਏ ਹਨ। ਆਪ ਪ੍ਰਸਿਧ ਉਦਯੋਗਪਤੀ ਅਤੇ ਵਰਿਆਮ ਦੇ ਪਰਮ ਸਨੇਹੀ ਸ. ਕਰਤਾਰ ਸਿੰਘ ਜੀ ਪ੍ਰਧਾਨ ਨਾਮਧਾਰੀ ਸੰਗਤ ਜੰਮੂ ਅਤੇ ਮਾਲਕ ਫਰੀ ਇੰਡੀਆ ਗੰਨ ਫੈਕਟਰੀ ਦੇ ਸਭ ਤੋਂ ਵੱਡੇ ਪੁੱਤਰ ਸਨ। ਸੰਤ ਕਰਤਾਰ ਸਿੰਘ ਹੋਰਾਂ ਨੂੰ ਥੋਹੜੇ ਸਮੇਂ ਵਿਚ ਪਰਿਵਾਰ ਵਜੋਂ ਤੀਜਾ ਝੱਟਕਾ ਲੱਗਾ ਹੈ।

ਪਰ ਸਦਾ ਵਾਂਗ ਜਦੋਂ ਸਾਰੇ ਲੋਕ ਅਫਸੋਸ ਤੇ ਹਮਦਰੀ ਵਿਚ ਤ੍ਰਾਸ ਤ੍ਰਾਸ ਕਰ ਰਹੇ ਸਨ ਤਾਂ ਉਹ ਭਾਣੇ ਦੀ ਚਾਦਰ ਵਿਚ ਅਡੋਲ ਰਹੇ। ੧੨ ਅਗਸਤ ੨੦੦੭ ਐਤਵਾਰ ਨੂੰ ਨਾਮਧਾਰੀ ਗੁਰਦੁਆਰਾ ਜੰਮੂ ਵਿਚ ਸ. ਗੁਰਬੀਰ ਸਿੰਘ ਨਮਿਤ ਪਾਠ ਦਾ ਭੋਗ ਪਿਆ। ਸਦਾ ਵਾਂਗ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਤੇ ਦੁਪਹਿਰ ਤੱਕ ਦੀਵਾਨ ਸਜੇ। ਜਥੇਦਾਰ ਸੇਵਾ ਸਿੰਘ ਦਿਲੀ, ਸੰਤ ਪਰਮਜੀਤ ਸਿੰਘ ਮੰਡੀ ਹਿਮਾਚਲ. ਨੇ ਕੀਰਤਨ ਅਤੇ ਕੱਥਾ ਦਾ ਪਰਵਾਹ ਕਈ ਦਿਨਾਂ ਤੋਂ ਚਲਾਈ ਰੱਖਿਆ। ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ ਅਤੇ ਸ. ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਉਚੇਰੇ ਇਸ ਦੁਖ ਭਰੇ ਮੌਕੇ ਤੇ ਪੁੱਜੇ ਅਤੇ ਅਪਣੇ ਵਿਚਾਰ ਸ਼ਰਧਾਂਜਲੀ ਰੂਪ ਵਿਚ ਰੱਖੇ। ਜਥੇਦਾਰ ਸੇਵਾ ਸਿੰਘ ਜੀ ਨੇ ਕਥਾ ਵਿਚ ਸਭ ਪਰਿਵਾਰ ਨੂੰ ਭਾਣੇ ਤੇ ਚਲਣ ਦੀ ਜ਼ੋਰਦਾਰ ਪ੍ਰੇਰਣਾ ਦੇ ਕੇ ਕਾਇਮ ਕਰ ਦਿੱਤਾ। ਗੁਰਬੀਰ ਸਿੰਘ ਦੇ ਦੋ ਸਪੁੱਤਰ ਕੁੰਵਰਜੀਤ ਸਿੰਘ, ਦਲਜੀਤ ਸਿੰਘ ਅਤੇ ਇਕ ਸਪੁਤਰੀ ਗੁਰਪ੍ਰੀਤ ਕੌਰ ਹੈ ਸਭੇ ਬੱਚੇ ਵਿਆਹੇ ਹੋਏ ਹਨ। ਗੁਰਬੀਰ ਸਿੰਘ ਦੇ ਘਰੋਂ ਬੀਬੀ ਰਾਣੀ ਨੇ ਵੀ ਭਾਰੀ ਭਾਣੇ ਨੂੰ ਹਿਮਤ ਨਾਲ ਮੰਨਿਆ ਹੈ। ਸੰਤ ਅਮਰ ਸਿੰਘ ਕੂਕਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

---

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਰਿ ਸਾਜੁ ॥



Namdhari Elibrary NamdhariElibrary@gmail.com

# ਸ਼ਾਂਤ ਚਿੱਤ ਰਹਿਣ ਲਈ ਜ਼ੇਨ-ਮਸ਼ਕ ਦਾ ਮਹੱਤਵ

*—ਮਹਿਮਾ ਸਿਘ ਤੂਰ*

ਹਰ ਕੋਈ ਮਨ ਦੀ ਸ਼ਾਂਤੀ ਚਾਹੁੰਦਾ ਹੈ। ਪਰ ਸਵੈ-ਕੇਂਦਰਤ ਸੁਪਨਿਆਂ ਵਿਚ ਘਿਰੇ ਅਸੀਂ ਦੁਖੀ ਹੀ ਹੁੰਦੇ ਰਹਿੰਦੇ ਹਾਂ। ਅਸੀਂ ਖਲੋਤੇ ਪਾਣੀਆਂ ਦੇ ਟੋਭੇ ਬਣੇ ਹੋਏ ਹਾਂ। ਇਹ ਸਾਡੀ ਝੂਠੀ ਜਿਹੀ ਕਲਪਨਾ ਸਾਰੀ ਬਿਮਾਰੀ ਦੀ ਜੜ੍ਹ ਹੈ। ਤਬਦੀਲੀ ਅਕਸਰ ਤਕਲੀਫ ਦੇਹ ਜਾਪਦੀ ਹੈ। ਅਸੀਂ ਜ਼ਿੰਦਗੀ ਭਰ ਵਿਚ ਬਣਾਏ ਹੋਏ ਕੰਟਰੋਲ ਦੀ ਹਉਮੈ ਵਿਚ ਰਹਿੰਦੇ ਹਾਂ। ਅਸੀਂ ਆਪਣੀ ਸੋਝੀ ਵਿਚ ਤਾਜਾ-ਤਰੀਨ ਲਹਿਰਾ ਦੇ ਆਉਣ ਨੂੰ ਇਜਾਜ਼ਤ ਨਹੀਂ ਦਿੰਦੇ। ਸਾਨੂੰ ਤਬਦੀਲੀ ਨੂੰ ਰੋਕਣ ਦੀ ਬਜਾਏ ਸਿਰਫ ਸਾਕਸ਼ੀ ਹੋਣਾ ਚਾਹੀਏ।

ਅਸੀ ਸਦੀਵੀ-ਜ਼ਿੰਦਗੀ ਦੇ ਇਕਸਾਰ ਆਕਾਰ ਅਤੇ ਭਰਮ ਵਿਚ ਜ਼ਿੰਦਾ ਰਹਿੰਦੇ ਹਾਂ। ਅਸੀਂ ਆਪਣੇ ਆਪ ਨੂੰ ਹਮੇਸ਼ਾ ਰਹਿਣ ਵਾਲੇ ਅਤੇ ਟਿਕੇ ਹੋਏ ਵੇਖਣਾ ਪਸੰਦ ਕਰਦੇ ਹਾਂ। ਅਤੇ ਇੰਜ ਹੀ ਇਕ ਘੁੰਮਣ ਘੇਰੀ ਵਿਚ ਫਸੇ ਰਹਿੰਦੇ ਹਾਂ। ਜਦ ਕਿ ਵਹਾਅ ਨੇ ਕੁਦਰਤੀ ਅਤੇ ਆਜ਼ਾਦ ਵਹਿਣਾ ਹੁੰਦਾ ਹੀ ਹੈ। ਤਾਜ਼ਾ ਰਹਿਣ ਲਈ ਉਸ ਵਹਾਅ ਵਿਚ ਸ਼ਾਮਿਲ ਹੋਣਾ ਜ਼ਰੂਰੀ ਹੈ। ਜ਼ਿੰਦਗੀ ਦੀ ਸ਼ਕਤੀ ਤਾਂ ਸਦਾ ਤਬਦੀਲੀ ਨਾਲ ਹੀ ਬਣੀ ਰਹਿ ਸਕਦੀ ਹੈ। ਅਸੀਂ ਹਮੇਸ਼ਾ ਚੌਕੰਨੇ ਰਹਿੰਦਾ ਹਾਂ 'ਮੇਰੇ ਨਾਲ ਇੰਜ ਨਾ ਕੁਝ ਹੋ ਜਾਏ, ਮੈਨੂੰ ਅਹਿ ਪਸੰਦ ਨਹੀਂ!' ਅਸੀਂ ਨਹੀਂ ਚਾਹੁੰਦੇ ਕਿ ਸਾਡੇ ਪੇਸ਼ੇ ਦੀ ਆਮਦ-ਪ੍ਰਣਾਲੀ ਦੀ ਸਥਿਰਤਾ ਵਿਚ ਕੋਈ ਅੜਿੱਕਾ ਆਵੇ। ਜ਼ੇਨ-ਮਸ਼ਕ ਧਿਆਨ ਲਾਉਣ ਦਾ ਕੰਮ ਹੈ। ਇਹ ਕੋਸ਼ਿਸ਼ ਕਰਨੀ ਹੁੰਦੀ ਹੈ ਕਿ ਖਾਸ ਕਿਸੇ ਚੀਜ਼ ਵਿਚ ਵੀ ਨਾ ਫਸਿਆ ਜਾਵੇ। ਸਗੋਂ ਹਰ ਚੀਜ਼ ਨੂੰ ਸਮੁੱਚ ਦਾ ਹਿੱਸਾ ਜਾਣਿਆ, ਸਮਝਿਆ ਜਾਵੇ। ਜਦ ਤੱਕ ਸਾਨੂੰ ਸੱਚ ਦੀ ਸੂਹ ਨਹੀਂ ਮਿਲਦੀ ਸਾਡੀਆ ਸਾਰੀਆਂ ਤਾਕਤਾਂ ਇਕ ਪਾਸੇ ਹੀ ਤਾਂ ਲੱਗੀਆਂ ਰਹਿੰਦੀਆਂ ਹਨ। ਅਸੀਂ ਕਈ ਖਲੋਤੇ-ਪਾਣੀ ਬਣਾ ਲੈਂਦੇ ਹਾਂ ਜਿਥੇ ਸਿਰਫ ਬਿਮਾਰੀਆਂ ਅਤੇ ਨਿਰਾਸ਼ਾ ਹੀ ਪਲ ਸਕਦੀ ਹੈ।

ਜੇਨ-ਮਸਨ ਦਾ ਮਤਲਬ ਆਪਣੇ ਆਪ ਨੂੰ ਅੰਤਰ-ਮਨ ਵਿਚ ਧਿਆਨ-ਯੋਗ ਨਾਲ ਵੇਖਣਾ ਹੈ। 'ਕੀ ਮੈਂ ਹਮੇਸ਼ਾ ਤੋਂ ਅੰਨਾ ਗੁਸੈਲਾ ਹਾਂ ?' ਪਹਿਲੀ ਮਸ਼ਕ ਵਿਚ ਅਸੀਂ ਆਪਣੀ ਹੀ ਖੜੋਤ ਨੂੰ ਲੱਭਣਾ ਹੈ ਜੋ ਸਾਡੀਆਂ ਸਵੈ-ਕੇਂਦਰਤ ਸੋਚਾਂ ਦੀ ਬਣਾਈ ਹੋਈ ਹੈ। ਬਹੁਤੀਆਂ ਮੁਸੀਬਤਾਂ ਤਾਂ ਅਸੀਂ ਆਪਣੇ ਵਤੀਰਿਆਂ ਨਾਲ ਬਣਾਈਆਂ ਹੁੰਦੀਆਂ ਹਨ। ਅਸੀਂ ਆਪਣੇ ਅੰਦਰਲੀ ਨਿਰਾਸ਼ਾ ਨੂੰ ਸਵੀਕਾਰ ਹੀ ਨਹੀਂ ਕਰਦੇ ਤਾਂ ਹੱਲ ਵੀ ਨਹੀਂ ਲੱਭਦਾ। ਡਰ ਅਤੇ ਗੁੱਸਾ ਸਾਡੇ ਵਿਚ ਸਖ਼ਤੀ ਪੈਦਾ ਕਰ ਦਿੰਦਾ ਹੈ।

ਜੇਨ-ਮਸ਼ਕ ਦਾ ਸਭ ਤੋਂ ਵੱਧ ਮਹੱਤਵ ਇਸ ਗੱਲ ਵਿਚ ਹੈ ਕਿ ਆਪਣੇ ਹੀ ਅੰਦਰ ਗਹਿਰੇ ਉਤਰ ਕੇ ਜ਼ਿੰਦਗੀ ਦਾ ਜ਼ਿੰਦਾ-ਵਹਿਣ ਬਣਨ ਲਈ ਰਜ਼ਾਮੰਦ ਹੋਣਾ। ਮਸ਼ਕ ਦਾ ਅਰਥ ਹੈ ਹੌਲੀ-ਹੌਲੀ ਆਪਣੇ ਹੀ ਬੁਣੇ ਹੋਏ ਤਾਣੇ-ਬਾਣੇ ਵਿਚੋਂ ਨਿਕਲਣਾ। ਜੇਨ-ਮਸ਼ਕ ਰਾਹੀਂ ਅਸੀਂ ਇਹ ਵੇਖਣਾ ਹੁੰਦਾ ਹੈ ਕਿ ਅਸੀਂ ਕੀ ਕਰ ਰਹੇ ਹਾਂ ? ਜਿੰਨੀ ਵੱਧ ਅਸੀਂ ਇਹ ਮਸ਼ਕ ਕਰਾਂਗੇ ਓਨਾ ਹੀ ਵੱਧ ਤੋਂ ਵੱਧ ਅਸੀਂ ਆਪਣੇ ਆਪ ਬਾਰੇ ਜਾਣ ਸਕਾਂਗੇ। ਅਸੀਂ ਵੇਖ ਸਕਾਂਗੇ ਕਿ ਖਲੋਤੇ ਪਾਣੀ ਜਾਂ ਘੁੰਮਣ ਘੇਰੀਆਂ ਦੇ ਵਿਚ ਆਪਣੇ ਆਪ ਨੂੰ ਪਾਈ ਰੱਖਣ ਲਈ ਅਸੀਂ ਕੀ-ਕੀ ਜੁਗਤਾਂ ਵਰਤਦੇ ਹਾਂ ? ਜੇਨ-ਮਸ਼ਕ ਸਾਨੂੰ ਜਾਗਰਤ ਕਰ ਸਕਦੀ ਹੈ, ਆਪਣੀ ਮਨ-ਪਸੰਦ ਨੀਮ-ਬੇਹੋਸ਼ੀ ਵਿਚੋਂ। ਅਸੀਂ ਵੇਖਦੇ ਹਾਂ ਕਿ ਇਹ ਕਦੇ ਵੀ ਠੀਕ ਨਹੀਂ ਹੁੰਦਾ ਕਿ ਅਸੀਂ ਦੂਜਿਆਂ ਉੱਤੇ ਗੁੱਸਾ ਵਰ੍ਹਾਈਏ, ਸਿਰਫ ਇਸ ਲਈ ਕਿ ਅਸੀਂ ਖ਼ੁਦ ਦੁਖੀ ਹਾਂ। ਮਸ਼ਕ ਸਾਡੀ ਮਦਦ ਕਰਦੀ ਹੈ ਕਿ ਸਾਡੀ ਜ਼ਿੰਦਗੀ ਕਿੱਥੇ ਕੁ ਖਲੋਤੀ ਹੋਈ ਹੈ। ਅਸੀਂ ਜ਼ਿੰਦਗੀ ਦੇ ਪਾਣੀ ਦੇ ਵਹਿਣ ਦੇ ਉਲਟ ਕਿਸ ਘੁੰਮਣਘੇਰੀ ਵਿਚ ਫਸੇ ਹੋਏ ਹਾਂ। ਉਂਜ ਘੁੰਮਣਘੇਰੀ ਵੀ ਮਾੜਾ ਜਿਹਾ ਇਕ ਵਲੇਵਾਂ ਹੀ ਹੁੰਦਾ ਹੈ ਰਾਹੋਂ ਹਟਣਾ। ਅਖੀਰ ਸਭ ਕੁਝ ਹੂੰਝਿਆ ਜਾਂਦਾ ਹੈ। ਜ਼ਿੰਦਗੀ ਦੀ ਸਲੇਟ ਉਤੋਂ ਹਰ ਆਕਾਰ ਜੋ ਬਣਦਾ ਹੈ ਮਿਟਦਾ ਚਲਾ ਜਾਂਦਾ ਹੈ। ਸਭ ਕੁਝ ਅੰਤ-ਵਿਹੂਣੀ ਤਾਕਤ ਦੀ ਭੱਜਾ ਨੱਠੀ ਦਾ ਇਕ ਅੰਗ ਹੈ। ਇਸ ਦਾ ਹਿੱਸਾ ਮਹਿਸੂਸ ਕਰਦੇ ਹੀ ਸਾਨੂੰ ਸਹੀ ਤਰ੍ਹਾਂ ਦੀ ਸ਼ਾਂਤੀ ਅਤੇ ਚੈਨ ਮਿਲਦਾ ਹੈ। ਜ਼ਿੰਦਗੀ ਦੇ ਵਹਿਣ ਦੇ ਉਲਟ ਵਹਿਣ ਨਾਲ ਅਸੀਂ ਦੁਖੀ ਹੁੰਦੇ ਹਾਂ।

*—ਹਲਵਾਰਾ ੧੪੧੧੦੭*

*(ਲੁਧਿਆਣਾ)*



Namdhari Elibrary NamdhariElibrary@gmail.com

Oster®

REGD. TRADE MARK No. 491851

***SHIRTS***

**CARDIGANS • PULLOVERS**

**TITLIS**

**(U.K.)**

**LUXURY SHAWLS • BLANKETS**

**BED SHEETS • BED LINEN**

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com





Namdhari Elibrary NamdhariElibrary@gmail.com

ਨਾਲ ਲਿਆਣ ਵਾਲਾ ਤਾਂ ਮੁੜ ਕੇ ਆਇਆ ਹੀ ਨਾਂ। ਮੇਰਾ ਸੀਨੀਅਰ ਡਾਕਟਰ ਬਹੁਤ ਮਿਹਰਬਾਨ ਸੀ। ਉਸਦਾ ਨਾਮ ਵੀ ਮਿਹਰਬਾਨ ਅਲੀ ਸੀ, ਉਸ ਨੇ ਮੈਨੂੰ ਇਹ ਕੇਸ ਦੇ ਦਿੱਤਾ, ਇਹਦਾ ਪਹਿਲਾ ਨਾਂ ਪ੍ਰਕਾਸ਼ ਸੀ ਤੇ ਹੁਣ ਮੈਂ ਇਹਨੂੰ ਦਿਲਸ਼ਾਦ ਆਖਦਾ ਹਾਂ।

ਦਿਲਸ਼ਾਦ ਕੁਝ ਦਿਨਾਂ ਬਾਦ ਰਾਜ਼ੀ ਹੋਣ ਲੱਗੀ। ਮਿਹਰਬਾਨ ਡਾਕਟਰ ਰੋਜ਼ ਮੈਨੂੰ ਇਹਦੇ ਬਾਰੇ ਹਦਾਇਤਾਂ ਦੇ ਕੇ ਜਾਂਦੇ ਤੇ ਦਿਲਸ਼ਾਦ ਦੀ ਖ਼ੈਰ ਸੁਰਤ ਪੁੱਛ ਕੇ ਜਾਂਦੇ।

ਆਖਰ ਇਕ ਦਿਨ ਇਹ ਬਿਲਕੁਲ ਠੀਕ ਹੋਈ ਤੇ ਹਸਪਤਾਲ ਵਾਲਿਆਂ ਇਸ ਨੂੰ ਡਿਸਚਾਰਜ ਕਰ ਦਿੱਤਾ। ਦਿਲਸ਼ਾਦ ਨੂੰ ਜਦੋਂ ਪਤਾ ਲਗਾ ਕਿ ਹੁਣ ਏਥੋਂ ਜਾਣਾ ਪੈਣਾ ਹੈ ਤਾਂ ਉਹ ਉਦਾਸੀ ਦੇ ਸਮੁੰਦਰ ਵਿਚ ਗੋਤੇ ਖਾਣ ਲੱਗੀ।"

ਡਾ. ਮਿਹਰਬਾਨ ਅਲੀ ਆਏ ਤੇ ਮੈਨੂੰ ਆਪਣੇ ਕਮਰੇ ਵਿਚ ਸੱਦਿਆ। "ਡਾ. ਅਸਲਮ 'ਤੇਰੇ ਨਾਲ ਇਕ ਖਾਸ ਗੱਲ ਕਰਨੀ ਚਾਹੁੰਦਾ ਹਾਂ।" ਕੀਹ ਤੂੰ ਮੇਰੀ ਇਕ ਖ਼ਾਹਸ਼ ਪੂਰੀ ਕਰੇਂਗਾ, ਮੇਰਾ ਇਕ ਕੰਮ ਕਰੇਂਗਾ।"

"ਦੱਸੋ ਬਾਸ 'ਮੈਂ ਤੁਹਾਡਾ ਬਹੁਤ ਸ਼ੁਕਰ ਗੁਜ਼ਾਰ ਹੋਵਾਂਗਾ, ਜੇ ਤੁਸੀਂ ਮੈਨੂੰ ਕੰਮ ਦੱਸੋਗੇ ਤਾਂ।" ਮੈਂ ਜਵਾਬ ਦਿੱਤਾ।

ਡਾ. ਮਿਹਰਬਾਨ ਅਲੀ ਨੇ ਸਾਫ਼ ਲਫ਼ਜ਼ਾਂ ਵਿਚ ਕਹਿ ਦਿੱਤਾ, "ਅਸਲਮ ਤੂੰ ਇਸ ਬੱਚੀ ਨੂੰ ਅਪਣਾ ਲੈ, ਇਹ ਮੇਰੀ ਬੱਚੀ ਸਮਝ ਕੇ ਤੈਨੂੰ ਕਹਿ ਰਿਹਾਂ। ਤੈਨੂੰ ਖ਼ੁਦਾਵੰਦ ਬਹੁਤ ਫ਼ੈਜ਼ ਅਤਾ ਫਰਮਾਏਗਾ।"

ਮੈਂ ਤੇਰਾ ਸਾਰੀ ਉਮਰ ਸਹੁਰਾ ਬਣ ਕੇ ਰਹਾਂਗਾ, ਮੈਂ ਇਹਦਾ ਨਾਂ ਵੀ ਰੱਖ ਦਿੱਤਾ ਏ, ਦਿਲਸ਼ਾਦ।"

ਇਹ ਗੱਲ ਸੁਣ ਕੇ ਮੇਰਾ ਹੈਰਾਨ ਹੋਣਾ ਕੁਦਰਤੀ ਸੀ।

ਡਾ. ਸਾਹਿਬ ਫੇਰ ਬੋਲੇ। ਗੱਲ ਕਰ ਕਦੋਂ ਨਿਕਾਹ ਕਰਨਾ ਏ।" ਜਦੋਂ ਤੁਸੀਂ ਆਖੋ ਤੇ ਜਿਵੇਂ ਤੁਸੀਂ ਰਾਜ਼ੀ ਹੋਵੋ। ਮੈਂ ਤਿਆਰ ਹਾਂ।" ਮੈਂ ਹਾਂ ਕਰ ਦਿੱਤੀ।

"ਮੈਂ ਰਾਤੋ ਰਾਤ ਆਪਣੇ ਅੱਬਾ ਜਾਨ ਤੇ ਅੰਮੀ ਜਾਨ ਨੂੰ ਬੁਲਾ ਲਿਆ ਤੇ ਦੂਸਰੇ ਦਿਨ ਸਾਡਾ ਨਿਕਾਹ ਹੋ ਗਿਆ।"

ਅਸੀਂ ਬੜੇ ਸੁੱਖੀ ਵੱਸ ਰਹੇ ਹਾਂ। ਕਿਸੇ ਤਰਾਂ ਦਾ ਕੋਈ ਫਿਕਰ ਨਹੀਂ। ਡਾ. ਮਿਹਰਬਾਨ ਇਹਦੇ ਨਾਲ ਬਾਪ ਨਾਲੋਂ ਵੀ ਵੱਧ ਪਿਆਰ ਕਰਦੇ ਨੇ। ਉਹਨਾਂ ਨੇ ਹੀ ਖ਼ਤੋਂ ਕਿਤਾਬਤ ਕਰ ਕਰ ਕੇ ਕਿਸੇ ਤਰਾਂ ਬੂੰਸੋ ਦਾ ਪਤਾ ਲੈ ਲਿਆ ਤੇ ਅੱਜ ਇਹ ਪੰਦਰਾਂ ਸਾਲ ਬਾਅਦ ਦੋਵੇਂ ਭੈਣਾਂ ਮਿਲ ਰਹੀਆਂ ਨੇ। ਡਾਕਟਰ ਸਾਹਿਬ ਨੇ ਨਾਲ ਆਉਣਾ ਸੀ। ਪਰ ਬਦਕਿਸਮਤੀ ਨੂੰ ਬਹੁਤ ਸਖ਼ਤ ਬੀਮਾਰ ਹੋ ਗਏ। "ਇਸ ਲਈ ਨਹੀਂ ਆ ਸਕੇ।"

"ਹੁਣ ਮੁਸ਼ਕਿਲ ਇਹ ਹੈ ਕਿ ਇਹ ਅਫ਼ਸਰ ਸਾਨੂੰ ਨਾ ਤਾਂ ਇਹਨਾਂ ਨਾਲ ਅੰਦਰ ਜਾਣ ਦੇਂਦੇ ਹਨ ਅਤੇ ਨਾਂ ਹੀ ਇਹਨਾਂ ਨੂੰ ਸਾਡੇ ਨਾਲ ਜਾਣ ਦੇਂਦੇ ਹਨ।" ਡਾ. ਅਸਲਮ ਨੇ ਬਹੁਤ ਨਾਉਮੀਦੀ ਵਿਚ ਗੱਲ ਕੀਤੀ।

"ਫਿਰ ਤਾਂ ਕੋਈ ਗੱਲ ਨਹੀਂ, ਤੁਸੀਂ ਏਥੇ ਹੀ ਠਹਿਰੋ, ਅਸੀਂ ਹੁਣੇ ਆਏ," ਕਵੀ ਜੀ ਨੇ ਕਾਹਲੀ ਕਾਹਲੀ ਕਿਹਾ।"

ਮੈਂ ਤੇ ਕਵੀ ਜੀ ਗੁਰਦੁਆਰੇ ਦੇ ਅੰਦਰ ਗਿਆਨੀ ਅਬਾਦੁਲਾ ਸਾਹਿਬ ਪਾਸ ਗਏ ਤੇ ਸਾਰੀ ਕਹਾਣੀ ਉਹਨਾਂ ਨੂੰ ਦੱਸੀ। ਕਵੀ ਜੀ ਕਿਵੇਂ ਕਰੀਏ ਕਾਨੂੰਨ ਬੜਾ ਸਖ਼ਤ ਏ। ਖੈਰ ਕੁਝ ਕਰਦੇ ਹਾਂ, ਗਿਆਨੀ ਜੀ ਨੇ ਕੁਝ ਸੋਚਦਿਆਂ ਕਿਹਾ।"

"ਏਦਾਂ ਕਰੀਏ ਇਹ ਦੋਵੇਂ ਪਰਵਾਰ ਕਿਓਂ ਨਾ ਮੇਰੇ ਘਰ ਹੀ ਚੱਲੇ ਚੱਲਣ, ਸਾਰੇ ਮਸਲੇ ਹੱਲ ਹੋ ਜਾਣਗੇ।" ਗਿਆਨੀ ਜੀ ਨੇ ਆਪਣੀ ਸਕੀਮ ਦੱਸੀ।

"ਵਾਹ ਵਾਹ, ਕਿਆ ਬਾਤ ਹੈ! ਗਿਆਨੀ ਜੀ ਤੁਸੀਂ ਸੱਚੀ ਮੁੱਚੀ ਦੇ ਗਿਆਨੀ ਹੋ। ਚੱਲੋ ਚੱਲੀਏ ਉਨਾਂ ਦੇ ਕੋਲ। ਉਹ ਵਿਚਾਰੇ ਉਡੀਕ ਕਰ ਰਹੇ ਹੋਣਗੇ ਆਪਾਂ ਨੂੰ।" ਕਵੀ ਜੀ ਨੇ ਗਿਆਨੀ ਜੀ ਦੀ ਸਿਫ਼ਤ ਕਰਦਿਆਂ ਉੱਤਰ ਦਿੱਤਾ।"

ਅਸੀਂ ਸਾਰੇ ਸਮੇਤ ਗਿਆਨੀ ਅਬਾਦੁਲਾ ਦੇ ਮੇਨ ਗੇਟ ਤੇ ਆਏ। ਦੋਵੇਂ ਭੈਣਾਂ ਹਾਲੇ ਵੀ ਸਿਸਕੀਆਂ ਭਰ ਰਹੀਆਂ ਸਨ। ਸਾਰੀ ਗਲ ਦੱਸੀ, ਜਿਸ ਨੂੰ ਉਹ ਖੁਸ਼ੀ ਨਾਲ ਮੰਨ ਗਏ। ਗਿਆਨੀ ਜੀ ਨੇ ਆਪਣੀ ਕਾਰ ਮੰਗਵਾਈ ਤੇ ਦੋਹਾਂ ਪਰਵਾਰਾਂ ਨੂੰ ਨਾਲ ਲੈ ਕੇ ਆਪਣੇ ਘਰ ਗਏ। ਕਾਰਾਂ ਸਾਡੀਆਂ ਅੱਖਾਂ ਤੋਂ ਓਝਲ ਹੋ ਗਈਆਂ।

ਸਾਡੇ ਦੋਹਾਂ ਦੇ ਮਨਾਂ ਤੇ ਇਸ ਵਿਥਿਆ ਦਾ ਏਨਾਂ ਅਸਰ ਹੋਇਆ ਕਿ ਅਸੀਂ ਵਾਪਸ ਆਪਣੇ ਡੇਰੇ ਆ ਗਏ ਤੇ ਆਰਾਮ ਕਰਦਿਆਂ ਸੋਚ ਰਹੇ ਸਾਂ। ਇਹ ਤਾਂ ਇਕ ਪਰਵਾਰ ਦੀ ਦਰਦ ਕਹਾਣੀ ਏ। ਲੱਖਾਂ ਪ੍ਰਵਾਰ ਓਸ ਵੇਲੇ ਏਸ ਜ਼ੁਲਮ ਦੇ ਵੇਲਨੇ ਵਿਚ ਪੀੜੇ ਗਏ ਸਨ। ਮੈਂ ਸੋਚ ਰਿਹਾ ਸਾਂ "ਕੀਹ ਹੋ ਗਿਆ ਸੀ ਇਨਸਾਨਾਂ ਨੂੰ ਓਸ ਵਕਤ, ਬੇਗੁਨਾਹਾਂ ਨੂੰ ਮਾਰਨਾ, ਧੀਆਂ, ਭੈਣਾਂ ਦੀ ਪੱਤ ਲੁੱਟਣੀ ਤਾਂ ਕਿਸੇ ਵੀ ਧਰਮ ਵਿਚ ਠੀਕ ਨਹੀਂ ਮੰਨਿਆ ਗਿਆ। ਫੇਰ ਏਧਰਲੇ ਉਧਰਲੇ ਦੋਹਾਂ ਧਰਮਾਂ ਵਾਲਿਆਂ ਨੇ ਇਹ ਕੀਹ ਕੀਤਾ।

ਕਵੀ ਜੀ ਪਏ ਪਏ ਹੁੰਘਲਾ ਗਏ ਤੇ ਮੈਂ ਹੁਣੇ ਸੁਣੀ ਕਹਾਣੀ ਨੂੰ ਜਿਵੇਂ ਫੇਰ ਸੁਣ ਰਿਹਾ ਸਾਂ। ਡਾ. ਅਸਲਮ ਦੀਆਂ ਗੱਲਾਂ ਮੇਰੇ ਕੰਨਾਂ ਵਿਚ ਉਸੇ ਤਰਾਂ ਗੂੰਜ ਰਹੀਆਂ ਸਨ। ਕਵੀ ਜੀ ਤੇ ਮੇਰੀ ਸ਼ਰਧਾ ਹੋਰ ਵੱਧ ਗਈ। ਗਿਆਨੀ ਅਬਾਦੁਲਾ ਨੂੰ ਮੈਂ ਅੰਤਰ ਹਿਰਦਿਓ ਨਮਸਕਾਰ ਕਰ ਰਿਹਾ ਸਾਂ।

(ਬਾਕੀ ਅਗਲੇ ਅੰਕ ਵਿਚ)



Namdhari Elibrary NamdhariElibrary@gmail.com

# TOP TRAK

new generation bikes




## PARTAP ENGINEERS

AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com




Namdhari Elibrary NamdhariElibrary@gmail.com

# ਚੋਣਵੇ ਪੰਜਾਬੀ ਸ਼ਿਆਰ

*—ਮਹਿੰਦਰ ਦਰਦ*

- ਆਦਮੀ ਦੀ ਜੂਨ ਵਿਚ ਮੈਨੂੰ ਦੁਬਾਰਾ ਭੇਜਦੇ,
  ਨਰਕ ਤਾਂ ਮੇਰੇ ਗੁਨਾਹਾਂ ਦੀ ਸਜ਼ਾ ਕੁਝ ਵੀ ਨਹੀਂ।

- ਮੁਸਕਰਾਹਟ ਦਿਲ ਦੇ ਬਹਿਲਾਵੇ ਲਈ ਹੈ ਇਕ ਫਰੇਬ,
  ਜ਼ਿੰਦਗੀ ਦੋ ਚਾਰ ਹੰਝੂਆਂ ਦੇ ਸਿਵਾ ਕੁਝ ਵੀ ਨਹੀਂ।

- ਦੁਸ਼ਮਣਾਂ ਦੇ ਜ਼ਹਿਰ ਤੋਂ ਤਾਂ ਬਚ ਗਿਆ ਹੈ ਆਦਮੀ,
  ਦੋਸਤਾਂ ਅੰਮ੍ਰਿਤ ਪਿਲਾ ਕੇ ਆਦਮੀ ਨੂੰ ਮਾਰਿਆ।

*—ਗੁਰਦਿਆਲ ਰੌਸ਼ਨ*

- ਰੌਸ਼ਨ ਜੀ ! ਆਪਣਾ ਜੀਵਨ ਹੈ ਇਸਤਰਾਂ ਦਾ ਅਜਕਲ,
  ਤਾਰਾਂ ਬਗੈਰ ਜਿੰਦਾਂ ਕੋਈ ਸਿਤਾਰ ਹੋਵੇ।

- ਪਿੰਜਰੇ ਵਿਚ ਕੈਦ ਹੋ ਕੇ ਪਾ ਰਹੀ ਹੈ ਕੀਰਨੇ,
  ਇਹ ਭੁਲੇਖਾ ਹੈ ਕਿ ਬੁਲਬੁਲ ਗਾ ਰਹੀ ਹੈ।

- ਰੌਸ਼ਨ ਜਦ ਮਰਿਆ ਤਾਂ ਘਰ ਚੋਂ ਅਧੀਏ ਪਊਏ ਲੱਭੇ,
  ਜਾਂ ਫਿਰ ਉਸਦੀ ਜੇਬ ਚੋਂ ਲੱਭੇ, ਕਵੀਆਂ ਦੇ ਸਿਰਨਾਵੇਂ।

- ਗ਼ਮ, ਦਰਦ, ਹੰਝੂ, ਹਾਉਕੇ ਦਿੱਤੇ ਤੂੰ ਪਿਆਰ ਬਦਲੇ,
  ਹੁਣ ਹੋਰ ਮੈਨੂੰ ਦੇਣਾ ਕਿਹੜਾ ਇਨਾਮ ਲਿਖਣਾ।

- ਆਪਣੇ 'ਚ ਫਾਸਲਾ ਹੈ ਧਰਤੀ ਅਕਾਸ਼ ਜਿੰਨਾ,
  ਨਾਂ ਜੋੜਕੇ ਨਾ ਆਪਣਾ 'ਰੌਸ਼ਨ' ਦਾ ਨਾਮ ਲਿਖਣਾ।

*—ਮਨਮੋਹਨ ਸਿੰਘ ਦਾਊਂ*

- ਗਾਥਾ ਇਸ਼ਕਾਂ ਦੀ ਕਿਸੇ ਯੁੱਗ ਮਿਟ ਨਾ ਸਕੀ,
  ਫਾਂਸੀ ਤਖਤੇ ਤੇ ਸੀਸ ਹੱਸ ਹੱਸੇ ਢੂਕਦੇ।

- ਵੰਡੀ ਗਈ ਧਰਤੀ ਦੀ ਮਿੱਟੀ ਪਾਣੀ ਵੀ ਦਰਿਆਵਾਂ ਦੇ।
  ਆਥਣ ਵੇਲੇ ਸੂਰਜ ਰੋਇਆ ਤੱਕ ਕੇ ਖੂਨ ਭਰਾਵਾਂ ਦੇ।

*—ਲਾਲ ਸਿੰਘ ਦਿਲ*

- ਦਰਦ ਆਪਣਾ ਆਪ ਹੀ ਮੈਂ ਸਿਰਜਦਾ ਹਾਂ ਐ ਦਿਲ;
  ਯਾਦ ਵੀ ਕਿੰਦਾਂ ਕਰਾਂ ਤੇ ਭੁੱਲ ਜਾਵਾਂ ਕਿਸਤਰਾਂ।

*—ਚਤਰ ਸਿੰਘ ਬੀਰ*

- ਚਮਨ ਗ਼ਮਗੀਨ ਕਿਉਂ ਹੈ ਬੁਲਬੁਲ ਉਦਾਸ ਕਿਉਂ ਹੈ।
  ਗੁਲਸ਼ਨ ਦੇ ਹਰ ਇਕ ਫੁੱਲ ਦਾ ਫਟਿਆ ਲਿਬਾਸ ਕਿਉਂ ਹੈ।

- ਕੋਈ ਤਾਂ ਮੈਨੂੰ ਦੱਸੇ, ਰੋਂਦਾ ਬਿਆਸ ਕਿਉਂ ਹੈ।
  ਸਤਲੁਜ ਦੇ ਵਹਿਣ ਵਿਚੋਂ ਉੱਠਦੀ ਭੜਾਸ ਕਿਉਂ ਹੈ।

- ਮਾਲੀ ਦਾ ਫਰਜ਼ ਬਣਦੈ ਕੋਸ਼ਿਸ਼ ਕਰੇ ਤੇ ਸਮਝੇ,
  ਪੈ ਗਈ ਹੈ ਹਰ ਕਲੀ ਦੇ ਪਿੰਡੇ ਤੇ ਲਾਸ ਕਿਉਂ ਹੈ।

- ਰਿਸ਼ੀਆਂ ਦੀ ਧਰਤੀ ਉਤੇ ਹੈ ਅੱਗ ਕਿਸਨੇ ਬਾਲੀ,
  ਚੁੱਲ੍ਹੇ ਤੇ ਰੋਜ਼ ਚੜ੍ਹਦਾ ਬੰਦੇ ਦਾ ਮਾਸ ਕਿਉਂ ਹੈ।

- ਇਕ ਡਾਰ ਤੋਤਿਆਂ ਦੀ ਪੁੱਛਦੀ ਕਬੂਤਰਾਂ ਨੂੰ,
  ਬੈਠਾ ਬੰਦੂਕ ਵਾਲਾ ਹਰ ਘਰ ਦੇ ਪਾਸ ਕਿਉਂ ਹੈ।

- ਪੁੱਠੇ ਦਿਨ ਜਦ ਜੀਵਨ ਅੰਦਰ ਆਉਂਦੇ ਨੇ,
  ਖੂਹ ਵਿਚ ਪੈਂਦੀ ਬੰਦੇ ਦੀ ਚਤੁਰਾਈ ਹੈ।

*—ਅਜਮੇਰ ਗਿੱਲ*

- ਤੇਰੇ ਹਾਣ ਦੇ ਨੇ ਰਸਤੇ, ਮੇਰੇ ਹਾਣ ਦੇ ਨੇ ਰਸਤੇ।
  ਹਰ ਪੈੜ-ਚਾਲ ਆਪਣੀ, ਪਹਿਚਾਣਦੇ ਨੇ ਰਸਤੇ।

- ਲੋਕੀਂ ਤਾਂ ਆਖਦੇ ਨੇ ਨਿਕਲੀ ਹੈ ਸੱਤਰੰਗੀ,
  ਦਿਲ ਕਹਿ ਰਿਹਾ ਕਿ ਤੇਰੀ ਮੁਸਕਾਨ ਦੇ ਨੇ ਰਸਤੇ।

- ਝੱਖੜ ਦੇ ਅੱਗੇ ਰੁੱਖ ਲਿਫ ਲਿਫ ਕੇ ਅੜ ਖੜੋਏ,
  ਕੁਝ ਇਸਤਰਾਂ ਦੇ ਹੀ ਤਾਂ ਸਵੈਮਾਨ ਦੇ ਨੇ ਰਸਤੇ।

- ਅਜਮੇਰ ਖਾਬ ਤੋੜਕੇ ਹੈ ਨੀਂਦ ਉਡ ਗਈ,
  ਬਾਕੀ ਦੀ ਰਾਤ ਕਿਸਤਰਾਂ ਲੰਘੇਗੀ, ਆ ਬਣੀ।

- ਫੁੱਲ ਜੇ ਵਿਕਦੇ ਤਾਂ ਕਿਹੜੀ ਗੱਲ ਸੀ,
  ਮਹਿਕ ਵੀ ਨੇ ਵੇਚ ਆਈਆਂ ਮਾਲਣਾਂ!

- ਲੁੱਟ ਲਈ ਦਿੱਲੀ ਨੇ ਪੱਗ ਅਜਮੇਰ ਦੀ,
  ਆਪਣੀ ਦਸਤਾਰ ਨੂੰ ਸਾਂਭੀਂ ਮਨਾਂ!

*ਪੇਸ਼ਕਾਰ- ਚਰਨ ਸੱਚੇਵਾਲਵੀ*
*੪੨੮, ਗੁਰੂਨਾਨਕਪੁਰਾ (ਵੈਸਟ)*
*ਡਾਕਖਾਨਾ-ਚੌਗਿੱਟੀ,*
*ਜਲੰਧਰ-੧੪੪੦੦੯*
*ਫੋਨ- ੦੧੮੧-੨੨੩੧੬੫੪*



Namdhari Elibrary NamdhariElibrary@gmail.com

# ਇੱਕੀਵੀਂ ਸਦੀ ਦਾ ਔਰੰਗਜ਼ੇਬ

*—ਗੁਰਭਜਨ ਗਿੱਲ*



ਔਰੰਗਜ਼ੇਬ ਦੇ ਹੱਥ ਵਿਚ ਭਾਵੇਂ,
ਹੁਣ ਕੋਈ ਤਲਵਾਰ ਨਹੀਂ ਹੈ।
ਪਰ ਇਹ ਸਾਡਾ ਯਾਰ ਨਹੀਂ ਹੈ।

ਇਸ ਦੀ ਅੱਖ, ਸ਼ਰਾਰਤ ਓਹੀ।
ਧਰਮ ਕਰਮ ਦੇ ਨਾਂ ਦੇ ਥੱਲੇ।
ਚਾਹੁੰਦਾ ਆਪਣੀ ਬੱਲੇ ਬੱਲੇ।

ਚੋਲਾ ਬਦਲ ਬਦਲ ਕੇ ਆਵੇ।
ਆਮ ਸਧਾਰਨ ਜਨ ਭਰਮਾਵੇ।
ਕਦੇ ਆਖਦੈ ਪੰਥ ਨੂੰ ਖ਼ਤਰਾ,
ਕਦੇ ਜਨੇਊ ਆਪ ਉਤਾਰੇ।

ਆਖੀ ਜਾਵੇ, ਆਖੀ ਜਾਵੇ।
ਇੱਕੋ ਰੰਗ ਦੇ ਕੱਪੜੇ ਪਾਉ,
ਇਸ ਧਰਤੀ ਦੇ ਲੋਕੀਂ ਸਾਰੇ।

ਬਾਹੂਬਲੀ ਵਿਖਾਵੇ ਖ਼ਾਤਰ,
ਘੜਦੈ ਨਿਸ ਦਿਨ ਨਵੇਂ ਬਹਾਨੇ।
ਕਰਨਾ ਚਾਹੁੰਦੈ ਮੁੱਠੀ ਦੇ ਵਿੱਚ,
ਕੁੱਲ ਧਰਤੀ ਦੇ ਮਾਲ ਖ਼ਜ਼ਾਨੇ।

ਰਾਮ ਰਹੀਮ ਵੀ ਬੁੱਝ ਨਹੀਂ ਸਕਦੇ,
ਕੀਹ ਹੈ ਇਸ ਦੇ ਦਿਲ ਦੇ ਅੰਦਰ।
ਖ਼ੁਦ ਰਖਵਾਲਾ ਬਣ ਰਹਿੰਦਾ ਏ,
ਕੰਬੀ ਜਾਂਦੇ ਮਸਜਿਦ ਮੰਦਰ।

ਸੇਹ ਦਾ ਤੱਕਲਾ ਗੱਡ ਦੇਂਦਾ ਏ,
ਇਹ ਜਿਸ ਧਰਤੀ ਤੇ ਵੀ ਜਾਵੇ।
ਇੱਟਾਂ ਵਾਂਗੂੰ ਬੰਦੇ ਪੱਥੇ,
ਮਗਰੋਂ ਚਿਣ ਦਿੰਦਾ ਵਿੱਚ ਆਵੇ।

ਕਦੇ ਵਿਕਾਸ ਕਰਨ ਦੇ ਨਾਂ ਤੇ
ਪਰਲੋ ਫੇਰੇ ਜਿੱਧਰ ਜਾਵੇ।
ਅਰਮਾਨਾਂ ਨੂੰ ਇਹ ਨਾ ਜਾਣੇ,
ਵੰਡੀ ਜਾਵੇ ਹਾਉਕੇ ਹਾਵੇ।

ਮਤਲਬ ਖ਼ਾਤਰ ਰੂਪ ਬਦਲਦਾ,
ਮੱਥੇ ਤਿਲਕ ਦਿਲੇ ਦਾ ਕਾਲਾ।
ਧਰਮ ਕਰਮ ਦਾ ਕਾਰਜ ਕਹਿ ਕੇ,
ਬੇਸ਼ਰਮੀ ਦੀ ਫੇਰੇ ਮਾਲਾ।

ਕਦੇ ਅਯੁੱਧਿਆ ਦੇ ਵਿਚ ਜਾ ਕੇ,
ਬਣੀ ਪੁਰਾਤਨ ਮਸਜਿਦ ਤੋੜੇ।
ਲੋੜ ਪਈ ਤੇ ਗੁਰਧਾਮਾਂ ਵਿਚ,
ਵਾੜੇ ਆਪਣੇ ਖੋਤੇ ਘੋੜੇ।

ਇਸ ਦੀ ਖੋਟੀ ਨੀਅਤ ਅੱਗੇ,
ਕੀ ਮਸਜਿਦ ਤੇ ਕੀਹ ਹੈ ਮੰਦਰ।
ਰਿੱਛਾਂ ਵਾਂਗੂੰ ਲੋਕ ਨਚਾਵੇ,
ਇਸ ਯੁਗ ਦਾ ਇਹ ਅਜਬ ਕਲੰਦਰ।

ਔਰੰਗਜ਼ੇਬ ਤਜਾਰਤ ਸਿੱਖਿਆ,
ਹੁਣ ਇਹ ਲੱਭਦਾ ਫਿਰਦੈ ਮੰਡੀਆਂ।
ਜਿਸ ਧਰਤੀ ਤੇ ਜਾ ਬਹਿੰਦਾ ਏ,
ਓਥੇ ਹੀ ਪਾ ਦੇਂਦੈਂ ਵੰਡੀਆਂ।

ਘੜੇ ਵਿਧਾਨ ਜਿਵੇਂ ਖ਼ੁਦ ਚਾਹਵੇ,
ਬਣ ਜਾਵੇ ਹਮਦਰਦ ਪੁਰਾਣਾ।
ਇਸ ਦੇ ਜੈ ਜੈ ਕਾਰ ਬੁਲਾਵੇ,
ਜਿਸ ਕੁਰਸੀਂ ਨੂੰ ਕਰਦੈ ਦਾਣਾ।

ਨਵੀਂ ਨਸਲ ਦਾ ਇਹ ਅਬਦਾਲੀ,
ਆਉਂਦਾ ਨਹੀਂ ਹੁਣ ਘੋੜੇ ਚੜ੍ਹ ਕੇ।
ਸਬਕ ਪੜ੍ਹਾਵੇ ਜੋ ਮਨ ਚਾਹਵੇ,
ਪਾਠ ਪੁਸਤਕਾਂ ਅੰਦਰ ਵੜ ਕੇ।

ਪੈਸੇ ਨਾਲ ਖ਼ਰੀਦ ਲਵੇ ਇਹ,
ਪੜ੍ਹੇ ਲਿਖੇ ਸਭ ਘੁੱਗੂ ਘੋੜੇ।
ਨਾਲ ਸਿਕੰਦਰ ਪੋਰਸ ਰਲਿਆ,
ਵਾਗ ਏਸ ਦੀ ਜਿਹੜਾ ਮੋੜੇ।



Namdhari Elibrary NamdhariElibrary@gmail.com

# ਮੈਨੂੰ ਨਾਮਧਾਰੀ ਕਿਉਂ ਚੰਗੇ ਲਗਦੇ ਹਨ ?

*—ਕਿਰਪਾਲ ਸਿੰਘ ਆਜ਼ਾਦ*

ਦਸਾਂ ਪੀੜ੍ਹੀਆਂ ਤੋਂ ਅੰਮ੍ਰਿਤਸਰ ਆ ਵੱਸੇ ਸਨਾਤਨੀ ਜਹੇ ਸਿੱਖ ਘਰਾਣੇਂ ਦਾ ਇਕਲੌਤਾ ਪੁਤਰ ਸਾਂ ਜ਼ਿੱਦਾ ਵੀ ਅਤੇ ੧੪-੧੫ ਵਰ੍ਹਿਆਂ ਦੀ ਉਮਰ ਤੱਕ ਸ਼ਰਧਾਲੂ ਵੀ। ਪਰ ਗੁਪਤ ਕਿਰਤੀ ਪਾਰਟੀ ਦੇ ਸੰਪਰਕ ਵਿਚ ਆ ਕੇ ਲਗਾਤਾਰ ਤਰਕਸ਼ੀਲ ਹੁੰਦਾ ਗਿਆ। ਸ਼ਾਇਦ ਇਸੇ ਲਈ ਕਾਫੀ ਕੁਝ ਪੜ੍ਹ ਜਾਣ ਕੇ ਅੱਜ ਤੱਕ ਨਾਮਧਾਰੀ ਦਰਬਾਰ ਜਾਂ ਗੁਰੂ ਮਹਾਰਾਜ ਨਾਲ ਮੇਲ ਦਾ ਸਬਬ ਨਹੀਂ ਬਣਿਆ।

ਪਰ ਜਦੋਂ ਵੀ ਕਿਸੇ ਨਾਮਧਾਰੀ ਨਾਲ ਸੰਪਰਕ ਹੋਇਆ ਸੈ-ਵਿਕਾਸ ਦਾ ਅਹਿਸਾਸ ਹੋਇਆ। ਚੰਗੇ ਮੇਲ ਮਿਲਾਪ ਵਿਚੋਂ ਸੁੰਦਰਤਾ, ਸ਼ਕਤੀ, ਚੱਜ ਆਚਾਰ, ਮਿੱਠੀ ਬੋਲ-ਬਾਣੀ, ਸਨੇਹ, ਆਦਰ ਦਾ ਕੋਈ ਵੀ ਅਹਿਸਾਸ ਹੋ ਸਕਦਾ ਹੈ। ਪਰ ਮੇਰੀ ਜਾਚੇ ਜਿਸ ਮੇਲ ਮਿਲਾਪ ਵਿਚੋਂ ਰਚਨਾਤਮਿਕ ਹੋਣ ਦੀ ਰੀਝ ਜਾਗੇ ਉਹ ਮਨੁਖੀ ਸੰਪਰਕ ਪਾਰਸ-ਛੋਹ ਹੋ ਨਿੱਬੜਦਾ ਹੈ।

ਚੇਤੇ ਉਪਰ ਜ਼ੋਰ ਦੇ ਕੇ ਯਾਦ ਆਉਂਦਾ ਹੈ ਕਿ ਮੇਰਾ ਪਹਿਲਾ ਸੰਪਰਕ ਪ੍ਰੀਤਮ ਸਿੰਘ ਪੰਛੀ ਨਾਲ ੧੯੪੪-੪੫ ਵਿਚ ਹੋਇਆ। ਮੈਂ ਉਦੋਂ ਕਲਮ ਫੜ ਲਈ ਸੀ। ਲਾਹੌਰੋਂ ਕਮਿਊਨਿਸਟ ਪਾਰਟੀ ਦੇ ਅਖ਼ਬਾਰ ਵਿਚ ਇਕ ਅੱਧ ਕਵਿਤਾ ਛਪੀ ਸੀ। ਇਕ ਲੇਖ ਭੇਜਿਆ ਸੀ।

ਮੈਂ ਉਦੋਂ ਕਾਲਕਾ ਦੇ ਰੇਲਵੇ ਸਟੇਸ਼ਨ ਤੇ ਪਾਰਸਲ ਕਲਰਕ ਦੀ ਨੌਕਰੀ ਵਜਾ ਰਿਹਾ ਸਾਂ। ਡਿਊਟੀ ਕਰ ਕੇ ਘਰ ਆਇਆ ਤਾਂ ਪਤਨੀ ਨੇ ਮੇਰੇ ਨਾਂ ਹੇਠ ਛੱਪਿਆਂ ਉਹ ਸਕੈਚ ਵਾਲਾ ਵਰਕਾ ਮੇਰੇ ਹੱਥ ਫੜਾਇਆ। ਸ਼ੁੱਧ ਛੱਪੀ ਆਪਣੀ ਲਿਖਤ ਪੜ੍ਹਕੇ ਖੁਸ਼ੀ ਹੋਈ। ਸਫਾ ਪਰਤਾ ਕੇ ਦੇਖਿਆ ਇਹ ਹਫਤਾਵਾਰੀ ਪਤਰ 'ਪ੍ਰੇਮ ਸੰਦੇਸ਼' ਸੀ। ਮਗਰੋਂ ਪਤਾ ਲਗਾ ਕਿ ਪ੍ਰੀਤਮ ਸਿੰਘ ਪੰਛੀ ਜੋ 'ਪ੍ਰੇਮ ਸੰਦੇਸ਼' ਦੇ ਕਾਰਜ-ਸਾਧਰਕ ਐਡੀਟਰ ਵਜੋਂ ਕਾਰਜ ਰੱਤ ਸੀ ਅਤੇ ਕਮਿਊਨਿਸਟ ਪਾਰਟੀ-ਪੇਪਰ ਦੇ ਸੰਪਰਕ ਵਿਚ ਸੀ, ਮੇਰੀ ਲਿਖਤ ਵਿਚਾਰ-ਅਧੀਨ ਹੋਣ ਕਾਰਣ ਚੁੱਕ ਲਿਆਇਆ ਸੀ। ਛਾਪੀ ਵੀ, ਡਾਕ ਰਾਹੀਂ ਭੇਜੀ ਵੀ ਅਤੇ ਆਪਣੇ ਪ੍ਰਤੀਕਰਮ ਵੀ ਲਿਖ ਭੇਜੇ।

'ਪ੍ਰੇਮ ਸੰਦੇਸ਼' ਵਿਚ ਹੋਰ ਵੀ ਲਿਖਤਾਂ ਪੰਛੀ ਹੋਰਾਂ ਦੀ ਪ੍ਰੇਰਨਾ ਕਾਰਣ ਛਪੀਆਂ। ਪੰਜਾਬੀ ਦੋ ਕੁ ਵਰ੍ਹੇ ਸਕੂਲ ਵਿਚ ਪੜ੍ਹੀ ਸੀ। ਮੈਟਰਿਕ (ਦਸਵੀਂ) ਪਾਸ ਕਰਕੇ। ਪਰ ਪਤਨੀ ਗਿਆਨੀ ਪਾਸ ਵੀ ਸੀ ਅਤੇ ਸ਼ੁੱਧ ਸ਼ਬਦ-ਜੋੜਾਂ ਵਾਲੀ ਖੁਸ਼ਖ਼ਤ ਗੁਰਮੁਖੀ ਲਿਖਣ ਵਾਲੀ ਇਸ ਦਾ ਪਤਾ ਦਸ ਕੁ ਵਰ੍ਹੇ ਮਗਰੋਂ ਜਦ ਲਗਾ ਤਾਂ ਪੰਛੀ ਹੋਰਾਂ ਦੀ ਕਦਰਦਾਨੀ ਦਾ ਅਹਿਸਾਸ ਹੋਇਆ।

ਦੇਸ ਵੰਡ ਮਗਰੋਂ ਪ੍ਰੀਤਮ ਸਿੰਘ ਪੰਛੀ ਦੀ ਦਿੱਲੀ ਦੇ ਕਸ਼ਮੀਰੀ ਗੇਟ ਦੀ ਇੱਕ ਪਾਕਿਸਤਾਨ ਲਈ ਛਡ ਗਏ ਦੀ ਇਮਾਰਤ ਦੀ ਉਪਰਲੀ ਮੰਜ਼ਲੇਂ ਵਿਚ ਪ੍ਰਸਿੱਧ ਪ੍ਰੀਤਸੈਟਿਕ ਅਤੇ ਕਵੀ ਪਿਆਰਾ ਸਿੰਘ ਸਹਿਰਾਈ ਅਤੇ ਖੱਬੇ ਪੱਖੀ ਦਲੀਪ ਸਿੰਘ ਭਕਨਾ ਅਤੇ ਉਸ ਦੀ ਅਧਿਆਪਕਾ ਪਤਨੀ ਨਾਲ ਰਿਹਾਇਸ਼ ਦਾ ਪਤਾ ੧੯੫੦ ਵਿਚ ਲਗਾ। ਮੈਂ ਦਿੱਲੀ ਮੇਨ ਦੇ ਰੇਲਵੇ ਸਟੇਸ਼ਨ ਤੇ ਪਾਰਸਲ ਬੁੱਕ ਕਰ ਰਿਹਾ ਸਾਂ ਕਿ ਕਿਸੇ ਨੇ ਮੇਜ਼ ਉਪਰ ਪੰਜਾ ਰੱਖ ਕੇ ਕਿਹਾ 'ਬਾਊ ਜੀ ਸਾਡਾ ਕੀ ਬੁੱਕ ਕਰੋ ਗੇ ?

ਉਹ ਅਜਨਬੀ,ਦਲੀਪ ਸਿੰਘ ਭਕਨਾ ਸੀ ਜਿਸ ਦੇ ਨਾਲ ਪ੍ਰੀਤਮ ਸਿੰਘ ਪੰਛੀ ਖੜਾ ਸੀ। ਦੋਹਾਂ ਨੂੰ ਚਾਹ ਪੇਸ਼ ਕੀਤੀ। ਵੰਡ ਦੀਆ ਕੌੜੀਆਂ-ਫਿੱਕੀਆਂ ਯਾਦਾਂ ਸਾਂਝੀਆਂ ਕਰਦਿਆਂ ਪੰਛੀ ਹੋਰਾਂ ਕਿਸੇ ਮੂਕ ਭਾਸ਼ਾ ਵਿਚ ਅਹਿਸਾਸ ਕਰਾ ਦਿੱਤਾ ਕਿ ਦਲੀਪ ਸਿੰਘ ਭਕਨਾ ਡਾਢੀ ਤੰਗ ਦਸਤੀ ਵਿਚ ਸੀ। ਪਤਨੀ ਦੀ ਵੀ ਅਜੇ ਨੌਕਰੀ ਨਹੀਂ ਸੀ ਲਗੀ।

ਪੂਰੀ ਦਿੱਲੀ ਦੇ ਫੁੱਟਪਾਥ ਰਿਹਾਇਸ਼ ਸਮੇਤ ਦੁਕਾਨਦਾਰੀ ਕਰਦੇ ਪੰਜਾਬੀ ਪਨਾਹ ਗੀਰਾਂ ਨਾਲ ਅੱਟੇ ਪਏ ਸਨ। ਅਤੇ ਮੈਂ. ਰਿਸ਼ਵਤ ਨਾਲ ਜੁੜੀ ਰੇਲਵੇ ਦੀ ਡਿਊਟੀ ਕਰ ਰਿਹਾ ਸਾਂ। ਯਾਦ ਨਹੀਂ ਕਿ ਕਿਵੇਂ ਹਮਦਰਦੀ ਦਾ ਗੱਚ ਖਾ ਕੇ ਦੋਹਾਂ ਵਿਚੋਂ ਕਿਸੇ ਦੀ ਜੇਬ ਵਿਚ ਜੋ ਆਪਣੀ ਜੇਬ ਵਿਚ ਸੀ, ਕੱਢ ਕੇ ਪਾ ਦਿੱਤਾ। ਦਲੀਪ ਸਿੰਘ ਭਕਨੇ ਦੀਆਂ ਤ੍ਰਿਬੁਡ ਅੱਖਾਂ ਅਤੇ ਪ੍ਰੀਤਮ ਸਿੰਘ ਪੰਛੀ ਦੀ ਨਿਮ੍ਹੀ ਨਿਮ੍ਹੀ ਮੁਸਕਾਨ ਅਭੁੱਲ ਸੀ।

ਤਿੰਨ ਕੁ ਵਰ੍ਹੇ ਮਗਰੋਂ ਜਦ ਮੈਂ ਅੰਮ੍ਰਿਤਸਰ ਦੀ ਡਿਊਟੀ ਤੋਂ ਹਥਿਆਰਬੰਦ ਇਨਕਲਾਬ ਦੀ ਟ੍ਰੇਨਿੰਗ ਦੇਣ ਦੇ ਦੋਸ਼ ਹੇਠ ਡਿਸਚਾਰਜ ਹੋਇਆ ਅਤੇ ਨਾਲ ਹੀ ਅੰਬਾਲੇ ਚੋ ਜੇਲ੍ਹ ਵਿਚ ਨਜ਼ਰਬੰਦੀ ਕੱਟ ਕੇ ਰਿਹਾ ਹੋ ਮੁੜ ਦਿੱਲੀ ਸ਼ਾਹਦਰੇ ਆ ਟਿਕਿਆ ਤਾਂ ਪ੍ਰੀਤਮ ਸਿੰਘ ਪੰਛੀ ਪੁੱਛਦਾ ਪੁਛਾਂਦਾ ਇਕ ਦਿਨ ਆ ਮਿਲਿਆ। ਜਾਪਦਾ ਸੀ ਉਸ ਨੂੰ ਮੇਰੇ ਬੀਤੇ ਅਤੇ ਉਸ ਵੇਲੇ ਦੀ ਤੰਗ ਦਸਤੀ ਦਾ ਪਤਾ ਸੀ। ਇਕ ਦੋ ਫੇਰੀਆ ਵਿਚ ਉਸ ਨੂੰ ਜਦ ਪਤਾ ਲਗਾ ਕਿ ਮੇਰਾ ਗੁਜ਼ਾਰਾ, ਗਿਆਨੀ ਦੀਆਂ ਅਤੇ ਪਤਨੀ ਦਾ ਪ੍ਰਾਇਮਰੀ ਦੀਆਂ ਕਲਾਸਾਂ ਲੈ ਕੇ ਵੀ ਨਹੀਂ ਸੀ ਹੋ ਰਿਹਾ ਤਾਂ ਉਸ ਨੇ ਰਾਹ ਲਭਿਆ ਅਤੇ ਸਹਿਜ-ਸਹਿਜ ਉਸ ਰਾਹ ਪਾਇਆ।

ਇਕ ਤਾਂ ਪਿਆਰਾ ਸਿੰਘ ਸਹਿਰਾਈ ਹੋਰਾਂ ਨੂੰ ਮੇਰੀ ਸਥਿਤੀ ਬਾਰੇ ਦੱਸਿਆ ਜੋ ਉਹਨੀਂ ਦਿਨੀਂ ਦਿਲੀਓਂ ਉਠਕੇ ਆਏ ਪ੍ਰਕਾਸ਼ਕਾਂ/ਛਾਪਕਾਂ 'ਅਤਰ ਚੰਦ ਕਪੂਰ ਐਂਡ ਸੰਜ਼'ਦੀ ਪ੍ਰੈਸ ਦੇ



Namdhari Elibrary NamdhariElibrary@gmail.com

ਪਰੂਫ ਰੀਡਰ ਸਨ। ਪੰਛੀ ਆਪ ਵੀ ਸਹਿਰਾਈ ਦੇ ਅਸਿਸਟੈਂਟ ਵਜੋਂ ਕੰਮ ਕਰ ਚੁੱਕਾ ਸੀ। ਦੂਜਾ ਜਤਨ ਉਸ ਮੈਨੂੰ ਪਰੂਫ-ਰੀਡਿੰਗ ਦੀਆਂ ਨਿਸ਼ਾਨੀਆਂ ਲਿਖ ਕੇ ਪ੍ਰੈਕਟਿਸ ਕਰਨ ਲਈ ਪ੍ਰੇਰਿਆ। ਜਿਉਂ ਹੀ ਸਹਿਰਾਈ ਹੋਰੀਂ ਸੋਵੀਅਤ ਦੇਸ' ਪਰਚੇ ਵਿਚ ਐਡੀਟਰ ਸੰਗ ਅਨੁਵਾਦਕ ਜਾ ਲਗੇ ਮੈਨੂੰ ਉਨ੍ਹੇ ਦੀ ਛੱਡੀ ਨੌਕਰੀ ਮਿਲ ਗਈ। ਗੁਜ਼ਾਰਾ ਹੀ ਨਹੀਂ ਤੁਰ ਪਿਆ ਮੈਂ ਅਗਲੇ ਤਿੰਨ ਵਰ੍ਹੇ ਐਮ. ਏ. ਪੰਜਾਬੀ ਦੀ ਪ੍ਰੀਖਿਆ ਚੰਗੀ ਡਿਵੀਜ਼ਨ ਵਿਚ ਪਾਸ ਕਰਕੇ ਪੀ. ਐਚ. ਡੀ. ਲਈ ਐਡਮੀਸ਼ਨ ਲੈ ਲਈ। ਇਸੇ ਦੌਰਾਨ ਪੰਛੀ ਹੋਰਾਂ ਦੀ ਸਾਹਿਤ ਰਚਨਾ ਬਿਰਤੀ ਦੇ ਵੀ ਦਰਸ਼ਨ ਹੋਏ ਅਤੇ ਇਕ ਅੱਤ ਨਿੱਜੀ ਪਰ ਸਹਿਜ ਬਿਰਤੀ ਦਾ ਦਰਸ਼ਨ ਵੀ ਹੋਇਆ।

ਮੈਂ ਉਸ ਸਮੇਂ ਦੋ ਬੱਚਿਆਂ ਦਾ ਬਾਪ ਅਤੇ ਪੰਛੀ ਜੋ ਸ਼ਾਇਦ ਮੈਥੋਂ ਦੋ ਕੁ ਸਾਲ ਵੱਡਾ ਸੀ ਛੜਾ ਮੰਲਗ ਵਿਚਰ ਰਿਹਾ ਸੀ, ਇਹ 'ਏਡਾ ਮਿੱਠਾ ਤੇ ਬੀਬਾ ਬੰਦਾ' ਇਹ ਵਿਚਾਰ ਮੇਰੀ ਪਤਨੀ ਨੂੰ ਕਈ ਵਾਰ ਫੁਰਿਆ ਸੀ।

ਪਰ, ਜਿਵੇਂ ਕਿ ਚਿਰੀਂ ਪਤਾ ਲਗਾ, ਪੰਛੀ ਇਸਤਰੀ ਦੀ ਹਰ ਉਮਰ ਦੀ ਪਾਤਰ ਬਾਰੇ ਲਿਖ ਤਾਂ ਸਕਦਾ। ਸੀ ਪਰ ਰੋਮਾਂਟਿਕ ਜਿਹੀ ਕੋਈ ਪਹਿਲ ਨਹੀਂ ਸੀ ਕਰ ਸਕਦਾ ਕਿਸੇ ਪਹਿਲ ਕਰਨ ਵਾਲੀ ਨੇ ਹੀ ਉਸ ਨੂੰ ਵਰਿਆ ਅਤੇ ਖ਼ੂਬ ਤੋੜ ਨਿਬਾਹੀ ਸੀ।

ਕਵਿਤਾ, ਕਹਾਣੀ ਅਤੇ ਵਿਅੰਗ ਲੇਖਕ ਪੰਛੀ ਨੇ ਇਕ ਵਾਰ ਏਡਾ ਸਹਿਜ ਹੋਣ ਤੇ ਵਿਅੰਗ ਕਰਦਿਆਂ ਕਿਹਾ ਸੀ, "ਜੇ ਮੈਂ ਵਿਗੜਿਆ ਹੋਇਆ ਨਾਮਧਾਰੀ ਨਾ ਹੁੰਦਾ ਤਾਂ ਕਿੰਨਾ ਸਹਿਜ ਹੋਣਾ ਸੀ।"

ਅਮਰ ਭਾਰਤੀ ਕਿੰਨਾ ਬਹੁ-ਭਾਸ਼ੀ ਅਨੁਵਾਦਿਕ ਅਤੇ ਵਿਦਵਾਨ ਹੈ, ਇਸ ਗੱਲ ਦਾ ਅਹਿਸਾਸ ਪਿਛਲੀ ਸਦੀ ਦੇ ਪੰਜਾਹਵਿਆਂ ਵਿਚ, ਨਾਨਕ ਸਿੰਘ ਨਾਵਲਿਸਟ ਦੇ ਮਾਸਿਕ ਪੱਤਰ 'ਲੋਕ ਸਾਹਿਤ' ਵਿਚ ਆਪਣੇ ਨਾਲ ਅਮਰ ਭਾਰਤੀ ਨੂੰ ਛਪੀਆਂ ਲਿਖਤਾਂ ਵਾਚ ਕੇ ਖਿਆਲ ਬਣਿਆ। ਪਰ ਜਦ ਮੇਲ ਹੋਇਆ- ਜੋ ਹੁੰਦਾ ਹੀ ਰਿਹਾ ਸੀ— ਤਾਂ ਉੱਚ-ਲੰਮਾ ਇਹ ਮਨੁੱਖ ਦੇਖਣ ਤੇ ਵਰਤਣ ਵਿਚ ਵੀ ਸੁੱਚਾ-ਸੱਚਾ ਤੇ ਗਹਿਰ-ਗੰਭੀਰ ਸੀ। ਕਲਮੀ ਤੌਰ ਤੇ ਹੀ ਅਸੀਂ ਇਕ ਦੂਜੇ ਨੂੰ ਕਿੰਨਾ ਜਾਣਦੇ ਸਾਂ। ਇਹ ਪਤਾ ਉਦੋਂ ਲਗਾ ਜਦ ਅਮਰ ਭਾਰਤੀ ਹੋਰਾਂ ਮੇਰਾ ਨਾਮਧਾਰੀ ਲਹਿਰ ਬਾਰੇ ਲੇਖ ਪੜ੍ਹ ਕੇ ਕਿਹਾ, "ਆਜ਼ਾਦ ਜੀ ਮੈਨੂੰ ਪਤਾ ਹੈ ਸ਼ਰਧਾ ਤੋਂ ਕਿੰਨੇ ਆਜ਼ਾਦ ਹੋ। ਇਸੇ ਲਈ ਤੁਹਾਨੂੰ ਨਾਮਧਾਰੀ ਦਰਬਾਰ ਦੇ ਦਰਸ਼ਨ ਕਰਨ ਲਈ ਨਹੀਂ ਕਹਾਂ ਗਾ" ਤੇ ਮੇਰੇ ਅੰਦਰ ਸ਼ਰਧਾ ਦੀ ਥਾਂ ਦਰਸ਼ਨ ਦੀ ਤੀਬਰਤਾ ਜਾਗੀ ਸੀ। ਪੰਜਾਹਵਿਆਂ ਦੇ ਆਰੰਭ ਵਿਚ ਮੈਂ ਜੱਦੀ-ਪੁਸ਼ਤੀ ਜੰਮ-ਭੋਂ ਅੰਮ੍ਰਿਤਸਰ ਛਡ ਕੇ ਦਿੱਲੀ ਆ ਗਿਆ। ਪੰਜਾਬੀ ਸਾਹਿਤ ਸਭਾ ਵਿਚ ਕਹਿਣ ਸੁਣਨ ਜਾਂਦਾ ਸਾਂ। ਲਿਖਦਾ ਤੇ ਅਨੁਵਾਦ ਕਰਦਾ ਜਾਣ ਕੇ ਸ. ਨਾਹਰ ਸਿੰਘ ਐਮ. ਏ. ਵਲੋਂ ਉਨ੍ਹਾਂ ਦੀ ਖੋਜ ਪੁਸਤਕ 'ਨਾਮਧਾਰੀ ਇਤਿਹਾਸ' ਦਾ ਹਿੰਦੀ ਅਨੁਵਾਦ ਕਰਨ ਦੀ ਪੇਸ਼ਕਸ਼ ਹੋਈ। ਲੋੜਵੰਦ ਸਾਂ ਅਤੇ ਜਗਿਆਸੂ ਵੀ। ਮੰਨ ਲਿਆ। ਪੰਜਾਬੀ ਦੀ ਮੌਲਿਕ ਲਿਖਤ ਉਹ ਪੁਸਤਕ ਕਈ ਚਿਰ ਮੇਰੇ ਪਾਸ ਰਹੀ।

ਹਿੰਦੀ ਅਨੁਵਾਦ ਛਪਣ ਮਗਰੋਂ ਭਾਵੇਂ ਨਹੀਂ ਮਿਲਿਆ ਪਰ ਸ. ਨਾਹਰ ਸਿੰਘ ਹੋਰਾਂ ਦਾ ਨਾ ਸਹਿਜ-ਮੇਲ ਭੁਲਦਾ ਹੈ, ਨਾ ਇਸ ਅਨੁਵਾਦ ਦਾ ਪ੍ਰਬੰਧ ਕਰ ਰਹੇ ਸ. ਸੁੱਚਾ ਸਿੰਘ ਸੱਖੀ ਦਾ ਰੂਪ।

ਪਰ ਅਨੁਵਾਦ ਕਰਦਿਆਂ ਬਾਬਾ ਰਾਮ ਸਿੰਘ ਜੀ ਦੀ ਦਿੱਬ ਦ੍ਰਿਸ਼ਟੀ, ਮਹਾਰਾਜਗੀ ਸਮੇਂ ਸਿੱਖੀ ਦੇ ਰਸਾਤਲ ਦਾ ਅਨੁਭਵ, ਗਾਂਧੀ ਦੀ ਨਾ-ਮਿਲਵਰਤਨ ਅਤੇ ਦੇਸੀ ਵਸਤਾਂ ਦੀ ਵਰਤੋਂ ਜਹੇ ਕਿੰਨੇ ਵਿਚਾਰ ਮੈਂ ਇਸ ਪੁਸਤਕ ਤੋਂ ਗ੍ਰਹਿਣ ਕੀਤੇ।

ਅਤੇ ਇਨ੍ਹਾਂ ਤੱਥਾਂ-ਅੰਕੜਿਆਂ ਦੀ ਹੋਰਨਾਂ ਖੋਜਾਂ ਨਾਲ ਤੁੱਲਨਾ ਕਰ ਕੇ ਆਪਣੇ ਸਿੱਖ ਇਤਿਹਾਸ ਦੀ ਵਿਸ਼ਲੇਸ਼ਣੀ ਪੁਸਤਕ 'ਸਿਖ ਮੂਲਵਾਦ ਬਾਰੇ" ਵਿਚ ਇਕ ਚੈਪਟਰ 'ਸਾਮਰਾਜੀ ਲੁੱਖ-ਲੁੱਟ: ਨਾਮਧਾਰੀ ਲਹਿਰ' ਲਿਖਿਆ। 'ਨਾਮਧਾਰੀ ਇਤਹਾਸ' ਦੇ ਪਾਠ ਅਤੇ ਅਨੁਵਾਦ ਤੋਂ ਮੈਨੂੰ ਸੂਚਨਾ ਸਮੇਤ ਪ੍ਰੇਰਨਾ ਵੀ ਪ੍ਰਾਪਤ ਹੋਈ।

ਪਰ ਇਕ ਸਿੱਧੇ ਸਾਦੇ ਤੇ ਸਰਲ ਨਾਮਧਾਰੀ ਦੇ ਸਹਿਜ ਨੂੰ ਮੈਂ ਜਦੋਂ ਵੀ ਯਾਦ ਕਰਦਾ ਹਾਂ, ਸੁੰਨ ਜਿਹਾ ਹੋ ਕੇ ਰਹਿ ਜਾਂਦਾ ਹਾਂ। ਘਟਨਾ ਸ਼ਾਇਦ ਪਿਛਲੀ ਸਦੀ ਦੇ ੬੦ਵਿਆਂ ਦੀ ਹੈ ਜਦ ਆਪਣੇ ਭੈਣੋਈ ਦੇ ਦਿੱਲੀ ਸ਼ਾਹਦਰੇ ਘਰ ਉਨ੍ਹਾਂ ਦੇ ਮਾਮੇ ਸ. ਜੁਗਿੰਦਰ ਸਿੰਘ ਨਾਲ ਮੇਲ ਹੋਇਆ। ਤ੍ਰੀ-ਨਗਰ, ਦਿੱਲੀ ਵਿਖੇ ਰਹਿੰਦੇ ਉਸ ਵਿਅਕਤੀ ਨੂੰ ਮੈਂ ਧੀ-ਭੈਣ ਦੀ ਧਿਰ ਹੋਣ ਕਾਰਣ ਝੁਕ ਕੇ ਹੱਥ ਜੋੜੇ ਤਾਂ ਸਿੱਧੀ ਸਾਦੀ ਦਸਤਾਰ ਵਾਲੇ ਨੇ ਦੋਹੀਂ ਹੱਥੀਂ ਮੇਰੇ ਹੱਥਾਂ ਨੂੰ ਬੋਚ ਲਿਆ-ਸਮਾਨਤਾ ਦਾ ਪ੍ਰਤੀਕ! ਕਿਸੇ ਤਕੜੇ ਟ੍ਰਾਂਸਪੋਰਟਰ ਦੇ ਆਮ ਡ੍ਰਾਈਵਰਾਂ ਤੋਂ ਬਿਲਕੁਲ ਉਲਟ ਮਿੱਠਾ ਅਤੇ ਭਰੋਸੇ ਯੋਗ ਟਰੱਕ ਡ੍ਰਾਈਵਰ ਸੀ। ਅਤੇ ਆਪਣੇ ਭਨੇਵੇਂ ਨੂੰ ਮਿਲਣ ਆਇਆ ਸੀ।

ਮੈਂ ਸੁੰਨ ਹੋ ਕੇ ਰਹਿ ਗਿਆ ਜਦ ਉਸਦੇ ਇਕਲੌਤੇ ਪੁੱਤਰ ਦੀ ਕਿਸੇ ਐਕਸੀਡੈਂਟ ਨਾਲ ਮੌਤ ਹੋਈ। ਉਸ ਦੇ ਭੋਗ ਉਪਰ ਵਿਸ਼ਾਲ ਨਾਮਧਾਰੀ ਇੱਕਤ੍ਰਤਾ ਵੀ ਖਿੜੇ ਮੱਥੇ ਸੇਵਾ-ਟਹਿਲ ਕਰਦਿਆਂ ਡਿੱਠਾ। ਸ਼ਰਧਾ ਨੂੰ ਮੈਂ ਵਿਵੇਕ ਦਾ ਸਥਾਨ ਨਾ ਦੇਣ ਵਾਲਾ ਸੋਚੀਂ ਪੈ ਗਿਆ ਸਾਂ ਕਿ ਸ਼ਰਧਾ ਦਾ ਸ੍ਰੋਤ' ਉਹ ਦਰਬਾਰ ਹੋਵੇ ਜਾਂ ਗੁਰੂ, ਉਪਰ ਨਿਰਭਰ ਹੈ ਕਿ ਸ਼ਰਧਾਵਾਨ ਕੈਸਾ ਹੋਵੇ।

ਫੇਰ ਵਾਹ ਪਿਆ ਤਾਰਾ ਸਿੰਘ ਅਣਜਾਨ ਨਾਲ। ਗੱਲ ੧੯੮੫ ਦੀ ਹੈ। ਸਿੱਖ ਵਿਰੋਧੀ ਫਸਾਦ ਹੋ ਗਏ ਸਨ। ਮੈਂ ਚਾਰ ਕੁ ਵਰ੍ਹੇ ਪਹਿਲਾਂ ਜਰਮਨੀ ਤੋਂ ਵਾਪਸ ਪਰਤ ਕੇ, ਦਿੱਲੀ ਸ਼ਾਹਦਰੇ


Namdhari Elibrary NamdhariElibrary@gmail.com

ਦੀ ਜੂਹ ਨਾਲ ਗ਼ਾਜ਼ੀਆਬਾਦ ਦੇ ਸੂਰਯ ਨਗਰ ਵਿਚ ਘਰ ਉਸਾਰਿਆ ਸੀ। ਉਤਰਪ੍ਰਦੇਸ਼ ਵਿਚ ਪੰਜਾਬੀ ਦੇ ਹੱਕੀ ਸਥਾਨ ਲਈ ਪੰਜਾਬੀ ਸਾਹਿਤ ਸਭਿਆਚਾਰ ਮੰਚ ਰਾਹੀਂ ਬਹੁਤੇ ਗ਼ੈਰ-ਪੰਜਾਬੀ ਤੇ ਗ਼ੈਰ ਸਿੱਖ ਲੇਖਕਾਂ ਵਿਦਵਾਨਾਂ ਨਾਲ ਰਲ ਕੇ ਜਦ ਇਕ ਕਾਨਫਰੰਸ ਰਖੀ ਤਾਂ ਅਨਜਾਣ ਹੋਰਾਂ ਨੂੰ ਸੱਦਾ ਦਿਤਾ। ਉਹ ਉਸ ਸਮੇਂ ਦਿੱਲੀ ਵਿਚ ਪੰਜਾਬੀ ਅਧਿਆਪਕ ਸਨ। ਕਾਨਫਰੰਸ ਦਾ ਵਿਸ਼ਾਲ ਪੰਡਾਲ ਵਿਰਲਾ ਤੇ ਸੁੰਨਾ ਜਿਹਾ ਰਹਿੰਦਾ ਜੇ ਅਨਜਾਣ ਹੋਰੀ ਪੂਰੀ ਬਸ ਭਰ ਕੇ ਪੰਜਾਬੀ ਪਿਆਰਿਆਂ ਦੀ ਨਾ ਲੈ ਆਉਂਦੇ। ਏਨਾ ਹੀ ਨਹੀਂ ਉਹ ਪੰਜਾਬੀ ਗੀਤ-ਗਿੱਧੇ ਦੀ ਵਿਦਿਆਰਥੀ ਟੀਮ ਵੀ ਲੈ ਕੇ ਆਏ ਤੇ ਉਸ ਟੀਮ ਦੀਆਂ ਦੋ ਵਿਦਿਆਰਥਨਾਂ ਨੇ ਕਲਚਰਲ ਪ੍ਰੋਗਰਾਮ ਦੇ ਮੁਕਾਬਲਿਆਂ ਦੇ ਇਨਾਮ ਵੀ ਜਿੱਤੇ ਸਨ। ਅਨਜਾਣ ਹੋਰਾਂ ਨਾਲ ਸਾਹਿਤਕ ਸੰਬੰਧ ਦਿੱਲੀ ਰਿਹਾਇਸ਼ ਤੱਕ ਬਣਿਆ ਰਿਹਾ।

ਭਾਪਾ ਪ੍ਰੀਤਮ ਸਿੰਘ ਦੇ ਮੁਢਲੇ ਅਨੁਭਵਾਂ ਅਤੇ ਸੰਸਕਾਰਾਂ ਉਪਰ ਨਾਮਧਾਰੀ ਪ੍ਰਭਾਵ ਸੀ। ਇਸੇ ਲਈ ਸਖਸ਼ੀਅਤ ਕਾਫੀ ਸਹਿਜ ਸੀ। ਪਰ ਜਦ ਕਦੇ ਵੀ ਪੰਜਾਬੀ ਭਵਨ ਵਿਖੇ ਕੋਈ ਵਿਸ਼ਾਲ ਸਮਾਗਮ ਹੁੰਦਾ ਅਤੇ ਲੰਗਰ ਦੀ ਸੇਵਾ ਨਾਮਧਾਰੀਆਂ ਕੋਲ ਹੁੰਦੀ ਤਾਂ ਉਨ੍ਹਾਂ ਦਾ ਅਨਿਨ ਵਤੀਰਾ, ਸੇਵਾ-ਭਾਵ ਵੇਖਣ ਵਾਲਾ ਹੁੰਦਾ। ਸ੍ਵੱਛ ਖਾਣਾ, ਪ੍ਰੀਤ ਨਾਲ ਪ੍ਰੋਸਣਾ ਕੋਈ ਨਾਮਧਾਰੀਆਂ ਤੋਂ ਸਿੱਖੇ।

ਬਹੁਤ ਪਹਿਲਾਂ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਨਾਲ ਸੰਤ ਇੰਦਰ ਸਿੰਘ ਚਕਰਵਰਤੀ ਹੋਰਾਂ ਦੇ ਰੂਪਕਾਂ-ਪ੍ਰਤੀਕਾਂ ਤੇ ਵਿਅੰਗ ਵਾਲੇ ਬਚਨ-ਬਿਲਾਸ ਬਾਰੇ ਸੁਣਿਆ ਸੀ। ਇਕੋ ਵਾਰ ਪਟਿਆਲੇ ਦੀ ਇਕ ਸਭਾ ਵਿਚ ਕੁਝ ਪਲ ਜਦ ਉਨ੍ਹਾਂ ਨੂੰ ਸੁਣਿਆਂ ਤਾਂ ਨਿਹਾਲ ਹੋ ਗਿਆ।

ਨਾਮਧਾਰੀ ਹਾਕੀ ਟੀਮ ਦੀ ਖਿਡਾਰ-ਸ਼ਖਸੀਅਤ, ਨਾਮਧਾਰੀ ਰੂਪ-ਸਰੂਪ ਵਾਲੇ ਸੰਗੀਤਕਾਰ, ਜਲੰਧਰ ਦੇ ਗੀਤ ਸੰਗੀਤ ਵਾਲੇ ਹਰਵਲੱਭ ਮੇਲੇ ਤੋਂ ਲੈ ਕੇ ਦੇਸ਼ ਬਦੇਸ ਵਿਚ ਦਿੱਤੀ ਦੇਣ ਨੂੰ ਟੀ.ਵੀ. ਅਤੇ ਪ੍ਰੈਸ ਵਿਚ ਦੇਖ ਕੇ ਚੰਗਾ ਵੀ ਲਗਾ ਹੈ ਅਤੇ ਵਿਸ਼ੇਸ਼ ਵੀ। ਨਾਲ ਹੀ ਯਾਦ ਆਉਂਦਾ ਹੈ ਦੱਖਨ ਪੂਰਬੀ ਦੇਸ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਏ ਸਭਨਾਂ ਡੈਲੀਗੇਟਾਂ ਨੂੰ ਇਕ ਨਾਮਧਾਰੀ ਪ੍ਰੇਮੀ ਵੱਲੋਂ ਆਪਣੇ ਬਹੁ-ਤਾਰਾ ਹੋਟਲ ਵਿਚ ਪ੍ਰਾਹੁਣਾ ਚਾਰੀ ਦੇਣਾ।

ਅਤੇ ਨਾਮਧਾਰੀ ਸੰਪ੍ਰਦਾਇ ਦੀ ਪ੍ਰਤੀਨਿਧਤਾ ਕਰ ਰਹੇ ਸ. ਜਗਦੀਸ਼ ਸਿੰਘ ਦੀ ਅਨਿਨ ਪਤਰਕਾਰਤਾ ਨੂੰ ਵੀ ਭੁੱਲ ਨਹੀਂ ਸਕਦਾ ਜਿਸ ਨੂੰ ਮੈਂ ਕੇਵਲ ਕੁਝ ਪਲ ਹੀ ਸੁਣਿਆ ਪੇਖਿਆ ਹੈ।

ਸਿੱਖ ਦੇ ਰੂਪ ਸਰੂਪ ਦਾ ਪ੍ਰੀਤਨਿਧ ਬਿੰਬ ਨਾਮਧਾਰੀਆਂ ਰਾਹੀਂ ਪੇਸ਼ ਕਰਨ ਦੇ ਯਤਨਾਂ ਲਈ ਸ਼ੁਭ ਇਛਾਵਾਂ ਪੇਸ਼ ਕਰਦਾ ਹਾਂ।

---

## ਗੁਰਦਿਆਲ ਸਿੰਘ ਪ੍ਰੀਤ ਦੀ ਸੁਪਤਨੀ ਦੇ ਅਕਾਲ ਚਲਾਣੇ ਤੇ ਅਫਸੋਸ



ਨਾਮਧਾਰੀ ਪੰਜਾਬੀ ਸਾਹਿਤ ਸਭਾ ਵਲੋਂ ਸਭਾ ਦੇ ਮੈਂਬਰ ਤੇ ਸਾਬਕਾ ਪ੍ਰਧਾਨ ਸ੍. ਗੁਰਦਿਆਲ ਸਿੰਘ ਢਿਲੋਂ ਪ੍ਰੀਤ ਜੀ ਦੀ ਸੁਪਤਨੀ ਸ੍ਰੀਮਤੀ ਪ੍ਰੀਤਮ ਕੌਰ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਦੀ ਵਿਸ਼ੇਸ਼ ਮੀਟਿੰਗ ਵਿਚ ਦੋ ਮਿੰਟ ਦਾ ਮੋਨ ਧਾਰ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਅਰਦਾਸ ਕੀਤੀ ਗਈ ਕਿ ਸਤਿਗੁਰੂ ਜੀ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਣ ਬਖਸ਼ਣ।

ਇਸ ਮੀਟਿੰਗ ਵਿਚ ਅਗੇ ਲਿਖੇ ਕਵੀ ਸਜਣਾਂ ਨੇ ਭਾਗ ਲਿਆ। ਮਾ. ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਪੂਰਨ ਸਿੰਘ ਨਿਰਾਲਾ, ਹਰਭਜਨ ਸਿੰਘ ਰਾਜਾ, ਸਵਰਨ ਸਿੰਘ ਚੀਮਾ, ਬਲਦੇਵ ਸਿੰਘ ਵੜੈਚ, ਰਜਿੰਦਰ ਰਾਜ, ਜਸਵਿੰਦਰ ਸਿੰਘ ਭਿੰਡਰ, ਲਖਵਿੰਦਰ ਸਿੰਘ ਬਾਜਵਾ ਅਤੇ ਕੁਲਦੀਪਕ ਸਿੰਘ ਦੀਪ ਆਦਿ।

੧੦-੮-੨੦੦੭ ਨੂੰ ਪ੍ਰੀਤ ਜੀ ਧਰਮਪਤਨੀ ਸਵਰਗੀ ਸ੍ਰੀ ਮਤੀ ਪ੍ਰੀਤਮ ਕੌਰ ਜੀ ਦੀ ਆਤਮਿਕ ਸ਼ਾਂਤੀ ਲਈ ਰਖੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਪਾਇਆ ਗਿਆ। ਜਿਸ ਵਿਚ ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਗੁਰਲਾਲ ਸਿੰਘ ਤੇ ਰਾਗੀ ਸਿੰਘਾਂ ਨੇ ਕੀਰਤਨ ਕੀਤਾ।

*ਲਖਵਿੰਦਰ ਸਿੰਘ ਬਾਜਵਾ*
*ਸਕਤਰ ਨਾਮਧਾਰੀ ਪੰਜਾਬੀ ਸਾਹਿਤ ਸਭਾ,*
*ਸ੍ਰੀ ਜੀਵਨ ਨਗਰ।*



Namdhari Elibrary NamdhariElibrary@gmail.com

# ਤਵਾਰੀਖ ਸੰਤ ਖਾਲਸਾ

*—ਕਰਨਲ ਹਰਭਜਨ ਸਿੰਘ ਚੀਮਾ*

ਸਿੱਖ ਇਤਿਹਾਸ ਉਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ ਜਿਨ੍ਹਾਂ ਦੇ ਬਹੁਤ ਸਾਰੇ ਲਿਖਾਰੀ ਨਾਮੀ ਲੇਖਕ ਵੀ ਹੋਏ ਹਨ। ਪਰ ਇਹਨਾਂ ਸੱਭਨਾ ਵਿਚੋਂ ਕਿਸੇ ਨੂੰ ਵੀ ਪੂਰਨ ਸਿੱਖ ਇਤਿਹਾਸ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ। ਕਾਰਣ ਇਹ ਹੈ ਕਿ ਗੈਰ ਨਾਮਧਾਰੀ ਲਿਖਾਰੀਆਂ ਨੇ ਸਿੱਖ ਇਤਿਹਾਸ ਵਿਚ ਨਾਮਧਾਂਰੀ ਇਤਿਹਾਸ ਨੂੰ ਯੋਗ ਥਾਂ ਨਹੀਂ ਦਿੱਤੀ ਅਤੇ ਨਾਮਧਾਰੀ ਲਿਖਾਰੀਆਂ ਨੇ ਜਾਂ ਤਾਂ ਨਾਮਧਾਰੀ ਪੰਥ ਦੀ ਸਹੀ ਪਹਿਚਾਨ ਤੇ ਜ਼ੋਰ ਦਿੱਤਾ ਹੈ ਜਾਂ ਫਿਰ ਸੀਮਿਤ ਸਮੇਂ ਦਾ ਨਾਮਧਾਰੀ ਇਤਿਹਾਸ ਲਿਖਿਆ ਹੈ, ਪੂਰਨ ਸਿੱਖ ਇਤਿਹਾਸ ਨਹੀਂ। ਇਸ ਵਾਸਤੇ ਪ੍ਰੋ. ਕ੍ਰਿਪਾਲ ਸਿੰਘ ਕਸੇਲ ਦੀ ਰਚਨਾ "ਤਵਾਰੀਖ ਸੰਤ ਖਾਲਸਾ" (ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਨ ਤਕ) ਜਿਸ ਨੂੰ ਆਪ ਜੀ ਨੇ ਗੁਰ ਇਤਿਹਾਸ ਕਹਿ ਕੇ ਵੀ ਸੰਬੋਧਨ ਕੀਤਾ ਹੈ ਭਾਰਤ ਦੇ ਇਤਿਹਾਸ ਨੂੰ ਅਤੇ ਖਾਸ ਕਰਕੇ ਸਿੱਖ ਜਗਤ ਨੂੰ ਅਦੁਤੀ ਦੇਣ ਹੈ। ਇਸ ਨੂੰ ਸੰਪੂਰਣ ਸਿੱਖ ਇਤਿਹਾਸ ਰਚਨ ਵਿਚ ਇਕ ਮਹਤਵ ਪੂਰਨ ਕਦਮ ਕਿਹਾ ਜਾ ਸਕਦਾ ਹੈ।



ਪ੍ਰੋ. ਕਸੇਲ ਸਾਹਿਤਕਾਰ ਦੇ ਤੌਰ ਤੇ ਇਕ ਮਾਨੀ ਅਤੇ ਪਹਿਚਾਨੀ ਹੋਈ ਸ਼ਖਸੀਅਤ ਹਨ। ਭਾਵੇਂ ਆਪ ਜੀ ਦੀਆਂ ਰਚਨਾਵਾਂ ਦਾ ਆਰੰਭ ਆਪ ਦੇ ਵਿਦਿਆਰਥੀ ਜੀਵਨ ਤੋਂ ਹੀ ਹੋ ਗਿਆ ਅਤੇ ਨਿਰੰਤਰ ਚਲਦਾ ਰਿਹਾ ਪਰ ਜੋ ਦਰਜਾ ਆਪ ਦੀਆਂ ੧੯੬੪ ਤੋਂ ਬਾਅਦ (ਅਖਾਂ ਦੀ ਜੋਤ ਚਲੇ ਜਾਣ ਤੋਂ ਪਿਛੋਂ) ਦੀਆਂ ਰਚਨਾਵਾਂ ਪ੍ਰਾਪਤ ਕੀਤਾ ਉਹਨਾਂ ਦੀ ਅਲੱਗ ਹੀ ਪਹਿਚਾਨ ਹੈ। ਆਪ ਦੇ ਹੀ ਲਫਜ਼ਾਂ ਵਿਚ, "ਨੇਤਰਹੀਣ ਹੋਣ ਪਿਛੋਂ ਮੇਰੀ ਸਾਹਿਤਕ ਰਚਨਾ ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ ਜਿਸਨੂੰ ਮੈਂ ਨਿਰੋਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਤੇ ਵਰ ਦੀ ਕਰਾਮਾਤ ਮੰਨਦਾ ਹਾਂ ਜਿਨ੍ਹਾਂ ਨੇ ਅਪਾਰ ਕਿਰਪਾ ਕਰਕੇ ਇੰਦ੍ਰ ਧਨੁਸ਼ ਲਿਖਣ ਸਮੇਂ ਇਹ ਵਰ ਦਿੱਤਾ, ਜੋ ਲਿਖੋਂਗੇ ਠੀਕ ਹੋਵੇਗਾ" ਅਤੇ ਇੰਜ ਹੀ ਹੋਇਆ।

ਆਪ ਦੀਆਂ ਸਾਹਿਤਕ ਰਚਨਾਵਾਂ ਦੀ ਸੂਚੀ ਬਹੁਤ ਲੰਬੀ ਹੈ ਅਤੇ ਜੋ ਮਾਨਤਾ ਆਪ ਜੀ ਨੂੰ ਪ੍ਰਾਪਤ ਹੋਈ ਉਹ ਕਿਸੇ ਵੀ ਸਾਹਿਤਕਾਰ ਵਾਸਤੇ ਵਡਮੁਲੀ ਪ੍ਰਾਪਤੀ ਹੋਵੇਗੀ। ਪੁਰਸਕਾਰਾਂ ਦੀ ਸੂਚੀ ਵੀ ਬਹੁਤ ਲੰਬੀ ਹੈ ਜਿਨ੍ਹਾਂ ਵਿਚ ਕੁਝ ਹਨ, ੧. ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ੨. ਪੰਜਾਬੀ ਸਾਹਿਤ ਅਕਾਡਮੀ ਪੁਰਸਕਾਰ, ੩. ਪੰਜਾਬੀ ਸਾਹਿਤ ਸਮੀਖਿਆ ਬੋਰਡ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ੪. ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਜੀਵਣ-ਫੈਲੋਸ਼ਿਪ, ੫. ਤਰਨ ਸਿੰਘ ਵਹਿਮੀ ਪੁਰਸਕਾਰ ਅਤੇ ਸਭ ਪੁਰਸਕਾਰਾਂ ਵਿਚੋਂ ਸਰਵੋਤਮ ਪੁਰਸਕਾਰ, 'ਸਤਿਗੁਰੂ ਰਾਮ ਸਿੰਘ ਚਿੰਤਨ ਆਦਾਰਾ ਵਲੋਂ ਸਾਹਿਤ ਰਤਨ ਦੀ ਉਪਾਧੀ।

ਆਪ ਹਮੇਸ਼ਾ ਪੰਜਾਬੀ ਸਾਹਿਤ ਨਾਲ ਜੁੜੇ ਰਹੇ ਹਨ ਅਤੇ ਆਪ ਜੀ ਦੀਆਂ ਰਚਨਾਵਾਂ ਦਾ ਆਧਾਰ ਵੀ ਮੂਲ ਤੌਰ ਤੇ ਪੰਜਾਬੀ ਸਾਹਿਤ ਹੀ ਰਿਹਾ ਹੈ। ਫਿਰ ਵੀ ਆਪ ਜੀ ਤੋਂ ਸਿੱਖ ਇਤਿਹਾਸ ਦੇ ਇਤਨੇ ਵਡੇ ਗ੍ਰੰਥ ਲਿਖਵਾਉਣ ਦੀ ਸੇਵਾ ਲੈਣਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਕ੍ਰਿਪਾਲਤਾ ਦਾ ਇਕ ਅਲੌਕਿਕ ਦ੍ਰਿਸ਼ਟਾਂਤ ਹੀ ਮੰਨਿਆ ਜਾ ਸਕਦਾ ਹੈ।

ਜਦੋਂ ਪੌਦਾ ਲਗਾਇਆ ਜਾਂਦਾ ਹੈ ਤਾਂ ਉਸ ਦਾ ਇਕ ਆਕਾਰ ਅਤੇ ਸਰੂਪ ਹੁੰਦਾ ਹੈ। ਪਰ ਜਿਉਂ ਜਿਉਂ ਇਹ ਵਧਦਾ ਜਾਂਦਾ ਹੈ ਇਸ ਦੇ ਆਕਾਰ ਅਤੇ ਸਰੂਪ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਪਰ ਇਸ ਦੇ ਮੁਖ ਗੁਣ ਨਿਰੰਤਰ ਉਹੀ ਬਣੇ ਰਹਿੰਦੇ ਹਨ। ਸਿੱਖ ਧਰਮ ਦਾ ਪੌਦਾ ਜੋ ਸਤਿਗੁਰ ਨਾਨਕ ਦੇਵ ਜੀ ਨੇ ਲਗਾਇਆ ਅਤੇ ਸਾਰੇ ਗੁਰੂ ਸਾਹਿਬਾਨ ਨੇ ਸਿੰਚਿਆ ਅਤੇ ਪ੍ਰਫੁਲਤ ਕੀਤਾ ਦਾ ਤੱਤ ਤਾਂ ਉਹੀ ਰਿਹਾ ਪਰ ਇਸਦੇ ਆਕਾਰ ਅਤੇ ਖਾਸ ਕਰਕੇ ਸਰੂਪ ਵਿਚ ਲਗਾਤਾਰ ਤਬਦੀਲੀ ਆਉਂਦੀ ਰਹੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਸਤਿਗੁਰ



Namdhari Elibrary NamdhariElibrary@gmail.com

ਗੋਬਿੰਦ ਸਿੰਘ ਜੀ ਦਾ ਖਾਲਸਾ ਬਣਿਆ ਅਤੇ ਇਹੀ ਖਾਲਸਾ ਸਤਿਗੁਰੂ ਰਾਮ ਸਿੰਘ ਜੀ ਦਾ ਸੰਤ ਖਾਲਸਾ ਬਣ ਗਿਆ।

ਸਤਿਗੁਰੂ ਰਾਮ ਦਾਸ ਜੀ ਨੇ ਸਿੱਖ ਦੀ ਪਹਿਚਾਨ ਇਸ ਪ੍ਰਕਾਰ ਦਰਸਾਈ-

"ਗੁਰੂ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿਨਾਮ ਧਿਆਵੈ ॥......
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥" *ਮਹੱਲਾ ੪ (੩੦੫-੬)*

ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਅੰਮ੍ਰਿਤ ਛਕਾ ਇਸ ਨੂੰ ਖਾਲਸੇ ਦਾ ਰੂਪ ਦਿੱਤਾ ਤਾਂ ਇਸ ਨੂੰ ਸਪਸ਼ਟ ਮਰਿਯਾਦਾ ਵਿਚ ਰਹਿਣ ਦਾ ਆਦੇਸ਼ ਦਿੱਤਾ। "ਰਹਿਣੀ ਰਹੇ ਸੋਈ ਸਿਖ ਮੇਰਾ" ਅਤੇ ਫਿਰ ਜਹਾ ਤਹਾ ਕਾ ਛਕੇ ਪ੍ਰਸਾਦਿ ਸਿੱਖ ਨਹੀਂ ਮੇਰਾ ਆਦਿ ਜੁਗਾਦਿ" ਕਹਿ ਖਾਲਸੇ ਵਾਸਤੇ ਇਕ ਲਛਮਣ ਰੇਖਾ ਹੀ ਖਿਚ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਨੂੰ ਸ਼ਮਸ਼ੀਰ ਸੰਭਾਲਦੇ ਹੋਇ ਮਾਲਾ ਦੇ ਰੂਪ ਵਿਚ ਇਕ ਨਵਾਂ ਹਥਿਆਰ ਪਰਦਾਨ ਕੀਤਾ ਜਿਸ ਨੂੰ ਆਪ ਜੀ ਨੇ ਅੰਗ੍ਰੇਜ਼ੀ ਸਰਕਾਰ ਦੇ ਵਿਰੁਧ ਬਾ ਖੂਬੀ ਵਰਤਿਆ। ਸੰਤ ਖਾਲਸੇ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਦਸੀ ਰਹਿਤ ਮਰਯਾਦਾ ਨੂੰ ਆਪ ਜੀ ਨੇ ਹੁਕਮਨਾਮਿਆਂ ਰਾਹੀਂ ਦੁਰਹਾਇਆ ਅਤੇ ਇਸ ਤੇ ਚਲਣ ਦੀ ਪਕੀ ਤਾਕੀਦ ਕੀਤੀ।

ਸਿੱਖ ਧਰਮ ਦਾ ਆਧਾਰ ਜਾਂ ਸਿੱਖ ਦੇ ਜੀਵਣ ਦਾ ਆਧਾਰ ਸਰਬ ਸਾਂਝੀ ਗੁਰਬਾਣੀ ਹੈ ਜੋ ਕਿਸੇ ਵੀ ਧਰਮ ਵਾਸਤੇ ਢੁਕਵੀਂ ਹੋ ਸਕਦੀ ਹੈ। ਇਸ ਵਾਸਤੇ ਜੇਕਰ ਕੋਈ ਵੀ ਧਰਮ ਇਸ ਨਾਲ ਸਾਂਝ ਬਨਾਉਣਾ ਚਾਹੇ ਤਾਂ ਇਸ ਵਿਚ ਕੋਈ ਅਸਚਰਜਤਾ ਵਾਲੀ ਗੱਲ ਨਹੀਂ ਹੋਵੇਗੀ। ਪਰ ਸਿੱਖ ਧਰਮ ਦੀ ਵਿਲਖਣਤਾ ਕਾਰਣ ਹੋਈ ਵੀ ਧਰਮ ਇਸ ਦੇ ਅਲਗ ਸਰੂਪ ਨੂੰ ਆਪਣੇ ਵਿਚ ਸਮੇਟਣ ਤੋਂ ਅਸਮਰਥ ਰਹੇਗਾ। ਭਾਵੇਂ ਹਰ ਧਰਮ ਦਾ ਆਧਾਰ ਸੱਚ ਹੀ ਹੁੰਦਾ ਹੈ ਪਰ ਸਿੱਖ ਧਰਮ ਦੀ ਵਿਲੱਖਣਤਾ ਇਸ ਦੀ ਨਿਰਸੰਦੇਹ ਅਭਿਲਾਸ਼ਾ ਹੈ। ਸਿੱਖ ਧਰਮ ਤੇ ਚਲਣ ਦਾ ਤਰੀਕਾ ਅਤੇ ਸਿੱਖ ਵਾਸਤੇ ਮਰਯਾਦਾ ਸਪਸ਼ਟ ਅਤੇ ਨਿਰ ਸੰਦੇਹ ਰਹੇ ਹਨ ਜਿਸਨੂੰ ਲੋੜ ਅਨੁਸਾਰ ਸਮੇਂ ਦੇ ਸਤਿਗੁਰ ਦੇ ਦ੍ਰਿੜ ਕੀਤਾ ਹੈ।

ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਗੁਰੂ ਅਤੇ ਸਿੱਖ ਪਰੰਪਰਾ ਚਲਦੀ ਆ ਰਹੀ ਹੈ। ਪਰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਗੁਰੂ ਅੰਗਦ ਬਣਾ ਆਪਣੀ ਥਾਂ ਥਾਪ ਸਦਿ ਪੀੜੀ ਗੁਰੂ ਚਲੰਦੀ ਦੀ ਪਰੰਪਰਾ ਨੂੰ ਪਰਪੱਕ ਕਰ ਸਿੱਖ ਜਗਤ ਨੂੰ ਸਦਾ ਵਾਸਤੇ ਗੁਰੂ ਦੇ ਲੜ ਲਾ ਦਿੱਤਾ।

ਅਧਿਆਤਮਕ ਜੀਵਣ, ਸਮਾਜ ਸੁਧਾਰ, ਦੇਸ਼ ਭਗਤੀ ਅਤੇ ਸਵਰਾਜ ਸਾਰੇ ਗੁਰੂ ਸਹਿਬਾਨਾਂ ਦੇ ਫਲਸਫੇ ਅਤੇ ਜੀਵਣ ਦੇ ਜ਼ਰੂਰੀ ਅੰਗ ਰਹੇ ਹਨ। ਨਾਮ ਸਿੱਖੀ ਦਾ ਹਮੇਸ਼ਾਂ ਮੂਲ ਰਿਹਾ ਹੈ। ਰਾਜ ਭਾਗ ਦੇ ਨਸ਼ੇ ਵਿਚ ਲਿਪਟ ਜਦੋਂ ਖਾਲਸਾ ਆਪਣੇ ਆਚਰਣ ਤੋਂ ਡਿੱਗ ਕੇ ਸਿੱਖੀ ਨੂੰ ਭੁਲ ਗਿਆ ਤਾਂ ਇਹੀ ਨਾਮ ਸਤਿਗੁਰੂ ਰਾਮ ਸਿੰਘ ਜੀ ਵਾਸਤੇ ਸਿੱਖੀ ਨੂੰ ਮੁੜ ਸੁਰਜੀਤ ਕਰਣ ਦਾ ਆਧਾਰ ਬਣਿਆ ਜਿਸ ਦੀ ਪਹਿਚਾਨ ਨਾਮਧਾਰੀ ਹੋ ਗਈ।

ਔਰਤ ਜ਼ਾਤ ਨੂੰ ਆਤਮਿਕ ਅਤੇ ਸਮਾਜਕ ਬਰਾਬਰੀ ਗੁਰੂ ਸਾਹਿਬਾਨ ਦੇ ਸਮਾਜ ਸੁਧਾਰ ਦੇ ਜ਼ਰੂਰੀ ਅੰਗ ਰਹੇ ਹਨ। ਗੁਰੂ ਨਾਨਕ ਨੇ ਔਰਤ ਦੀ ਅਪਵਿਰਤਾ ਅਤੇ ਸੂਤਕ ਵਰਗੇ ਪਏ ਵਹਿਮਾਂ ਨੂੰ ਦੂਰ ਕੀਤਾ। "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਕਹਿ ਔਰਤਾਂ ਨੂੰ ਮਾਨਯੋਗ ਸਥਾਨ ਪਰਦਾਨ ਕੀਤਾ। ਸਤੀ ਦੀ ਪ੍ਰਥਾ ਦਾ ਜ਼ੋਰਦਾਰ ਖੰਡਣ ਕੀਤਾ ਹੀ ਨਹੀਂ ਸਗੋਂ ਇਸ ਦੀ ਸਹੀ ਪਰਿਭਾਸ਼ਾ ਵੀ ਦਿੱਤੀ।

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥"

ਸਤਿਗੁਰੂ ਰਾਮ ਸਿੰਘ ਜੀ ਨੇ ਲੜਕੀਆਂ ਵਾਸਤੇ ਪੜ੍ਹਾਈ ਦੀ ਲੋੜ, ਬਾਲ ਅਵਸਥਾ ਵਿਚ ਵਿਆਹ ਅਤੇ ਵਟੇ ਕਰਨ ਤੋਂ ਰੋਕਿਆ। ਇਹ ਸਭ ਉਹਨਾਂ ਦੇ ਸਮਾਜ ਸੁਧਾਰ ਦੇ ਅੰਗ ਹਨ।

ਗੁਰੂ ਨਾਨਕ ਵਲੋਂ ਬਾਬਰ ਦੇ ਜ਼ੁਲਮ ਵਿਰੁਧ ਆਵਾਜ਼, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ, ਗੁਰੂ ਗੋਬਿੰਦ ਸਿੰਘ ਜੀ ਦੀ ਜ਼ੁਲਮ ਵਿਰੁਧ ਟੱਕਰ ਅਤੇ ਔਰੰਗਜ਼ੇਬ ਨੂੰ ਲਿਖਿਆ ਜ਼ਫਰਨਾਮਾ, ਸਤਿਗੁਰੂ ਰਾਮ ਸਿੰਘ ਜੀ ਦੀ ਅੰਗਰੇਜ਼ਾਂ ਵਿਰੁਧ ਨਾ ਮਿਲਵਰਤਨ ਲਹਿਰ ਗੁਰੂ



Namdhari Elibrary NamdhariElibrary@gmail.com

ਸਹਿਬਾਨਾਂ ਦੀ ਨਿਰੰਤਰ ਰਾਜਸੀ ਸੋਧ ਦੇ ਪਹਿਲੂ ਹਨ। ਭਾਵ ਹਰ ਸੁਧਾਰ ਦੀ ਲਹਿਰ ਨੂੰ ਸਮੇਂ ਦੇ ਸੰਤਿਗੁਰੂ ਨੇ ਲੋੜ ਅਨੁਸਾਰ ਅਪਨਾਇਆ ਅਤੇ ਅਗੇ ਵਧਾਇਆ।

ਪ੍ਰੋ. ਕਸੇਲ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮੌਣ ਤੱਕ ਦੇ ਸਮੇਂ ਨੂੰ ਬੜੇ ਵਿਸਥਾਰ ਅਤੇ ਸੁਚੱਜੇ ਢੰਗ ਨਾਲ ਬਿਆਨਿਆ ਹੈ। ਸਿੱਖ ਇਤਿਹਾਸ ਦੇ ਲਿਖਾਰੀਆਂ ਦੀਆਂ ਰਚਨਾਵਾਂ ਦਾ ਹਵਾਲਾ ਦੇ ਕੇ ਹਰ ਸਥਿਤੀ ਨੂੰ ਸਪਸ਼ਟ ਕੀਤਾ ਹੈ। ਆਪ ਜੀ ਦੀ ਰਚਨਾ ਦਾ ਅਧਿਐਨ ਕਰਨ ਤੇ ਗੁਰ ਇਤਿਹਾਸ ਦੇ ਕੁਝ ਸਮੇਂ ਤੇ ਹੋਰ ਵਿਚਾਰ ਕਰਨਾ ਸ਼ਾਇਦ ਅਨੁਚਿਤ ਨਹੀਂ ਹੋਵੇਗਾ।

ਗੁਰੂ ਗੋਬਿੰਦ ਸਿੰਘ ਜੀ ਦੀ ਨੰਦੇੜ ਦੀਲ ਲੀਲਾ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਰਾਹੀਂ ਖਾਲਸਾ ਰਾਜ ਸਥਾਪਿਤ ਕਰਨ ਤੱਕ ਖਾਲਸੇ ਤੇ ਬੇਹੱਦ ਜ਼ੁਲਮ ਢਾਏ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਕਤਲ ਕੀਤੇ ਗਏ। ਉਹਨਾਂ ਨੂੰ ਅਸਿਹ ਕਸ਼ਟ ਦਿੱਤੇ ਗਏ ਪਰ ਖਾਲਸਾ ਆਪਣੀ ਮੰਜ਼ਿਲ ਵੱਲ ਲਗਾਤਾਰ ਵੱਧਦਾ ਗਿਆ। ਉਸਨੇ ਹਰ ਹਾਲਤ ਵਿਚ ਆਪਣਾ ਆਚਰਣ ਕਾਇਮ ਰਖਿਆ। ਬੰਦਾ ਬਹਾਦਰ ਜੀ ਦੀ ਜ਼ਾਲਮਾਂ ਵਿਰੁਧ ਕਾਰਵਾਈ ਅਤੇ ਖਾਲਸੇ ਦੀਆਂ ਕੁਰਬਾਨੀਆਂ ਲਾਸਾਨੀ ਹਨ। ਇਹ ਜਾਣਦੇ ਹੋਏ ਵੀ ਕਿ ਹਰਿਮੰਦਰ ਸਾਹਿਬ ਜਾਣਾ ਮੌਤ ਨੂੰ ਸਦਾ ਦੇਣਾ ਹੈ, ਫਿਰ ਵੀ ਉਹਨਾਂ ਦੀਵਾਲੀ ਅਤੇ ਵੈਸਾਖੀ ਦੇ ਪੁਰਬਾਂ ਤੇ ਜਾਣ ਤੋਂ ਸੰਕੋਚ ਨਹੀਂ ਕੀਤਾ। ਉਹਨਾਂ ਦੀ ਇਸ ਕਾਰਵਾਈ ਪਿਛੇ ਉਹਨਾਂ ਦੀ ਪਿਠ ਉਤੇ ਗੁਰੂ ਗੋਬਿੰਦ ਸਿੰਘ ਜੀ ਦਾ ਹੱਥ ਹੈ ਇਸ ਵਿਚ ਕੋਈ ਸੰਦੇਹ ਨਹੀਂ ਪਰ ਇਹ ਹੱਥ ਖਾਲਸੇ ਤਕ ਕਿਸ ਤਰੀਕੇ ਨਾਲ ਪਹੁੰਚਦਾ ਰਿਹਾ ਇਸ ਨੂੰ ਜਾਨਣ ਦੀ ਇਛਾ ਹਰ ਸਿੱਖ ਦੇ ਮਨ ਵਿਚ ਹੋਵੇਗੀ। ਇਤਹਾਸਕਾਰਾਂ ਵਾਸਤੇ ਇਹ ਇਕ ਚਣੌਤੀ ਹੈ ਜਿਸਨੂੰ ਉਮੀਦ ਹੈ ਉਹ ਸਵੀਕਾਰ ਕਰਨਗੇ ਅਤੇ ਇਸਦਾ ਹਲ ਲਭਣ ਦੀ ਕੋਸ਼ਿਸ਼ ਕਰਣਗੇ।

ਪ੍ਰੋ. ਕਸੇਲ ਜੀ ਦੀ ਇਹ ਬਹੁਮੁਲੀ ਰਚਨਾ ਹੈ ਅਤੇ ਉਮੀਦ ਹੈ ਕਿ ਗੁਰਇਤਿਹਾਸ ਦਾ ਹਰ ਇਛੁਕ ਇਸ ਤੋਂ ਲਾਭ ਉਠਾਏਗਾ। ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਹ ਕਸੇਲ ਜੀ ਨੂੰ ਇਸ ਗ੍ਰੰਥ ਦਾ ਦੂਸਰਾ ਭਾਗ ਤਿਆਰ ਕਰਨ ਦੀ ਸਮਰੱਥਾ ਬਖਸ਼ਨ ਤਾਂ ਜੋ ਛੇਤੀ ਹੀ ਇਹ ਭਾਗ ਵੀ ਪਾਠਕਾਂ ਦੇ ਹਵਾਲੇ ਹੋਵੇ।

*ਸਤਿਗੁਰੂ ਪਰਤਾਪ ਸਿੰਘ ਅਪੋਲੋ*
*ਹਸਪਤਾਲ, ਲੁਧਿਆਣਾ।*

## ਸੰਤ ਬਲਰਾਮ ਸਿੰਘ ਧੰਜਲ



ਸੰਤ ਬਲਰਾਮ ਸਿੰਘ ਧੰਜਲ, ਚੌਕ ਕਰੋੜੀ, ਅੰਮ੍ਰਿਤਸਰ ਵਾਲੇ ਅਕਾਲ ਪੁਰਖ ਵੱਲੋਂ ਬਖਸ਼ੀ ਲਗਭਗ ੮੯ ਸਾਲ ਦੀ ਉਮਰ ਭੋਗ ਕੇ ੨੭ ਜੁਲਾਈ ੨੦੦੭ ਦਿਨ ਸ਼ੁੱਕਰਵਾਰ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਸੰਤ ਜੀ ਚੜ੍ਹਾਈ ਕਰਨ ਤੋਂ ਪਹਿਲਾਂ ਕੁਝ ਦਿਨ ਢਿੱਲੇ ਰਹੇ, ਹਸਪਤਾਲ ਦਾਖਲ ਰਹੇ, ਪਰ ਉਨ੍ਹਾਂ ਨੂੰ ਨਾਮ ਸਿਮਰਨ ਨਹੀਂ ਵਿਸਰਿਆ। ਆਖਰੀ ਸਮੇਂ ਤੱਕ ਉਨ੍ਹਾਂ ਦੀ ਰਸਨਾ ਤੇ ਨਾਮ ਸਿਮਰਨ ਹੀ ਸੀ। ਜਥੇਦਾਰ ਗੁਰਬਚਨ ਸਿੰਘ ਵੀਰੋਕੇ ਅਤੇ ਜਥੇ ਦੀ ਅਗੁਵਾਈ ਹੇਠ ਕੀਰਤਨ ਕਰਦਿਆਂ ਸ਼ਮਸ਼ਾਨ ਭੂਮੀ ਲਿਜਾ ਕੇ ਸੰਤ ਜੀ ਦਾ ਸਸਕਾਰ ਕੀਤਾ ਗਿਆ।

ਸੰਤ ਬਲਰਾਮ ਸਿੰਘ ਜੀ, ਸਵ: ਸੂਬਾ ਹਰਬੰਸ ਸਿੰਘ ਜੀ ਦੋਸ਼ੀ ਲਖਨਊ/ਨੰਦੇੜ ਵਾਲਿਆਂ ਦੇ ਵੱਡੇ ਭਣਵਈਏ ਸਨ। ਆਪ ਜੀ ਦੇ ਪਿੱਛੇ ਪਰਿਵਾਰ ਵਿਚ ਚਾਰ ਲੜਕੇ ਅਤੇ ਇਕ ਲੜਕੀ ਹੈ। ਸਾਰੇ ਬੱਚੇ ਨਾਮਧਾਰੀ ਸੰਗਤ ਨਾਲ ਜੁੜੇ ਹੋਏ ਹਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਵਾਨ ਸਿੱਖ ਹਨ। ਵੱਡੇ ਲੜਕੇ ਸ. ਜਸਪਾਲ ਸਿੰਘ, ਮੁਰਾਦਾਬਾਦ, (ਯੂ. ਪੀ.) ਅਤੇ ਮਨਜੀਤ ਸਿੰਘ, ਜੈਪੁਰ (ਰਾਜਸਥਾਨ) ਵਿਖੇ ਨਿਵਾਸ ਕਰ ਰਹੇ ਹਨ। ਦੋ ਲੜਕੇ ਅੰਮ੍ਰਿਤਪਾਲ ਸਿੰਘ ਅਤੇ ਮਨਿੰਦਰਪਾਲ ਸਿੰਘ ਅੰਮ੍ਰਿਤਸਰ ਹੀ ਰਹਿ ਰਹੇ ਹਨ। ਸੰਤਾਂ ਦੀ ਬੇਟੀ ਅਮਰਜੀਤ ਕੌਰ ਜੈਪੁਰ (ਰਾਜਸਥਾਨ) ਵਿਆਹੀ ਹੈ।

ਸੰਤ ਜੀ ਨਮਿਤ ਰੱਖੇ ਸਾਧਾਰਨ ਪਾਠ ਦਾ ਭੋਗ, ਨਾਮਧਾਰੀ ਸ਼ਹੀਦੀ ਸਮਾਰਕ, ਅੰਮ੍ਰਿਤਸਰ ਵਿਖੇ ੫ ਅਗਸਤ ੨੦੦੭ ਦਿਨ ਐਤਵਾਰ ਨੂੰ ਪਾਇਆ ਗਿਆ। ਇਸ ਮੌਕੇ 'ਤੇ ਜਥੇਦਾਰ ਗੁਰਦੀਪ ਸਿੰਘ ਜੀ, ਸ੍ਰੀ ਭੈਣੀ ਸਾਹਿਬ ਅਤੇ ਜਥੇਦਾਰ ਗੁਰਬਚਨ ਸਿੰਘ ਜੀ ਵੀਰੋਕੇ ਨੇ ਸਮੇਂ ਦੀ ਮੰਗ ਅਨੁਸਾਰ ਵੈਰਾਗਮਈ ਕੀਰਤਨ ਕੀਤਾ ਅਤੇ ਗੁਰਬਾਣੀ ਵਿਚੋਂ ਅਨੇਕਾਂ ਪ੍ਰਮਾਣ ਦੇ ਕੇ ਜੀਉਣ ਅਤੇ ਮਰਨ ਦੇ ਫਲਸਫੇ ਨੂੰ ਉਜਾਗਰ ਕੀਤਾ। ਉਪਰੰਤ ਸੰਤ ਬਲਦੇਵ ਸਿੰਘ ਪੱਖੋਂ ਅੰਮ੍ਰਿਤਸਰ ਨੇ ਸੰਤ ਜੀ ਨੂੰ ਭਾਵ ਭਿਨੀ ਸ਼ਰਧਾਂਜਲੀ ਦਿੰਦੇ ਹੋਏ ਉਨ੍ਹਾਂ ਦੀ ਜੀਵਨ ਪਧਤੀ 'ਤੇ ਰੋਸ਼ਨੀ ਪਾਈ। ਭੋਗ ਦੀ ਅਰਦਾਸ ਉਪਰੰਤ ਸਾਧ-ਸੰਗਤ ਦੀ ਸੇਵਾ ਪਰਿਵਾਰ ਵੱਲੋਂ ਲੰਗਰ ਦੁਆਰਾ ਕੀਤੀ ਗਈ। ਇਸ ਮੌਕੇ 'ਤੇ ਧਰਮ-ਕਾਰਜਾਂ ਵਾਸਤੇ ਕੱਢੀ ਮਾਇਆ ਤੋਂ ਇਲਾਵਾ ੫੦੦ ਰੁਪੇ "ਸਤਿਜੁਗ" ਅਤੇ ੫੦੦ ਰੁਪਏ "ਵਰਿਆਮ" ਲਈ ਸਹਾਇਤਾ ਲਈ ਕੱਢੇ ਗਏ।


Namdhari Elibrary NamdhariElibrary@gmail.com

ਰਾਏ ਕੋਟ ਦੇ ਸ਼ਹੀਦਾਂ ਨਮਿਤ ਭਾਰੀ ਮੇਲਾ

## ਮੁੱਖ ਮੰਤਰੀ ਵੱਲੋਂ ਭਰਵੀਂ ਸ਼ਰਧਾਂਜਲੀ

੫ ਅਗਸਤ ੨੦੦੭ ਰਾਏਕੋਟ ਸਾਕੇ ਵਿਚ ਇਕ ਸੌ ਛੱਤੀ ਸਾਲ ਪਹਿਲਾਂ ਸ਼ਹੀਦ ਹੋਏ ਤਿੰਨ ਨਾਮਧਾਰੀ ਸਿੰਘਾਂ, ਸੰਤ ਮੰਗਲ ਸਿੰਘ ਮਸਤਾਨ ਸਿੰਘ ਅਤੇ ਗੁਰਮੁੱਖ ਸਿੰਘ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਵਿਚ ਭਾਰੀ ਮੇਲਾ ਕੀਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਹੋਏ ਇਸ ਸ਼ਹੀਦੀ ਮੇਲੇ ਦੇ ਮੁੱਖ ਮਹਿਮਾਨ ਸਨ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ। ਸਟੇਟ ਪੱਧਰ ਦੇ ਇਸ ਸਮਾਗਮ ਵਿਚ ਸ. ਬਾਦਲ ਦੇ ਨਾਲ ਹੋਰ ਮੰਤਰੀ ਗਣ ਅਤੇ ਨੇਤਾ ਵੀ ਪੁੱਜੇ ਸਨ ਅਤੇ ਨਾਮਧਾਰੀ ਸਮਾਜ ਦੀਆਂ ਪਰਮੁੱਖ ਹਸਤੀਆਂ ਨੇ ਵੀ ਸ਼ਹੀਦਾਂ ਨੂੰ ਅਪਾਰ ਸ਼ਰਧਾ ਦੇ ਫੁਲ ਭੇਟ ਕੀਤੇ।

ਨਿਤ ਵਾਂਗ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਤਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ ਹੀ ਵੱਡਾ ਦੀਵਾਨ ਬਾਹਰ ਵੱਡੇ ਪੰਡਾਲ ਵਿਚ ਦੁਪਹਿਰ ਨੂੰ ਸ਼ੁਰੂ ਹੋਇਆ। ਪਹਿਲਾਂ ਸਾਮੂਹਕ ਨਿਤ ਨੇਮ ਹੋਇਆ ਅਤੇ ਪਾਠਾਂ ਦੇ ਭੋਗ ਪਾਏ ਗਏ।

ਹਜ਼ੂਰੀ ਰਾਗੀ ਜੱਥਾ ਸੰਤ ਹਰਬੰਸ ਸਿੰਘ ਘੁੱਲਾ ਸੰਤ ਬਲਵੰਤ ਸਿੰਘ ਦੀ ਅਗਵਾਈ ਵਿਚ ਬਹੁਤ ਵੈਰਾਗ ਮਈ ਮਹੱਲਾ ੩ ਦੇ ਬਿਹਾਗੜੇ ਦੀ ਵਾਰ ਦਾ ਸ਼ਬਦ ਪੜ੍ਹ ਰਿਹਾ ਸੀ, "ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ਜੇਕਰ ਸਾਹਿਬ ਮਨਹੁ ਨ ਵੀਸਰੇ ਤਾ ਸਹਿਜਾ ਮਰਨਾ ਹੋਇ।" ਕੀਰਤਨ ਦੀ ਅਰਦਾਸ ਬਾਦ ਮੰਚ ਤੋਂ ਵਿਆਖਿਆਨ ਸ਼ਰਧਾਂਜਲੀਆਂ ਸ਼ੁਰੂ ਹੋਈਆਂ। ਸਟੇਜ ਸਕੱਤਰ ਦੀ ਸੇਵਾ ਨਿੱਤ ਵਾਂਗ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਨਿਭਾ ਰਹੇ ਸਨ। ਆਪ ਨੇ ਇਸ ਸਮਾਗਮ ਅਤੇ ਇਸ ਦਿਨ ਬਾਰੇ ਲੰਬੀ ਭੂਮਿਕਾ ਬਾਦ ਸ. ਗੁਰਦੇਵ ਸਿੰਘ ਕੋਇਲ ਨੂੰ ਗੀਤ ਗਾਵਣ ਲਈ ਕਿਹਾ। ਕੋਇਲ ਦੇ ਰਸ ਭਰੇ ਬੋਲਾਂ ਤੋਂ ਬਾਦ ਨਾਮਧਾਰੀ ਦਰਬਾਰ ਦੇ ਪ੍ਰਧਾਨ ਸਾਹਿਬ ਸ. ਹਰਵਿੰਦਰ ਸਿੰਘ ਹੰਸਪਾਲ ਨੇ ਵਿਧੀਵਤ ਤੌਰ ਤੇ ਸ. ਪ੍ਰਕਾਸ਼ ਸਿੰਘ ਬਾਦਲ, ਸ. ਚਰਨਜੀਤ ਸਿੰਘ ਅਟਵਾਲ, ਸ. ਕੁਲਦੀਪ ਸਿੰਘ ਵਡਾਲਾ, ਸ੍ਰੀ ਅਵਿਨਾਸ਼ ਰਾਏ ਖੰਨਾ ਅਤੇ ਰਾਸ਼ਟਰੀ ਸੰਵਯ ਸੇਵਕ ਦਲ ਦੇ ਮੁੱਖੀ ਸ੍ਰੀ ਕੇ ਸੁਦਰਸ਼ਣ ਨੂੰ ਜੀਅ ਆਇਆਂ ਕਿਹਾ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਤੀ ਕ੍ਰਿਤਗਯਤਾ ਪ੍ਰਗਟ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤਾ। ਉਹਨਾਂ ਆਪਣੇ ਭਾਸ਼ਣ ਵਿਚ ਇਹ ਸੁਝਾਓ ਵੀ ਦਿੱਤਾ ਕਿ ਇਤਿਹਾਸ ਵਿਚ ਬਹੁਤ ਵਸੰਗੀਤੀਆਂ ਹਨ। ਮੁੜ ਕੇ ਇਹ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ ਅਤੇ ਇਸ ਵਾਸਤੇ ਸ੍ਰੀ ਭੈਣੀ ਸਾਹਿਬ ਵਿਚ ਹੀ ਸਿੱਖ ਇਤਿਹਾਸ ਖੋਜ ਕੇਂਦਰ ਖੋਲਿਆ ਜਾਣ ਚਾਹੀਦਾ ਹੈ ਅਤੇ ਉਸ ਦੁਆਰਾ ਪ੍ਰਮਾਣਕ ਇਤਿਹਾਸ ਲਿਖ ਕੇ ਉਪਰ ਪੰਜਾਬ ਸਰਕਾ ਦੀ ਮੋਹਰ ਲਗਾ ਕੇ ਇਹ ਇਤਹਾਸ ਲੋਕਾਂ ਸਾਹਮਣੇ ਅਉਣਾ ਚਾਹੀਦਾ ਹੈ।

ਹੰਸਪਾਲ ਜੀ ਨੇ ਤੱਥਾਂ ਦੇ ਆਧਾਰ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਚਾਰੀ ਜਾਂਦੀ ਮੌਤ ਨੂੰ ਨਕਾਰਿਆਂ। ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਇਤਿਹਾਸ ਵਿਚੋਂ ਕਈ ਬਹੁਮੁਲੇ ਨੁਕਤੇ ਪੇਸ਼ ਕੀਤੇ ਅਤੇ ਉਹਨਾਂ ਕਿਹਾ ਕਿ ਇਹ ਸ਼ਹੀਦ ਬਸੀਆਂ ਵਿਚ ਫਾਹੇ ਲਾਏ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਵੀ ਇਸ ਤੋਂ ਪਹਿਲਾਂ ਬਸੀਆਂ ਗਏ ਸਨ ਅਤੇ ਅੰਗਰੇਜ਼ ਅਧਿਕਾਰੀਆਂ ਦੇ ਪੁਛਾਂ ਦੇ ਉਹਨਾਂ ਸਮਾਧਾਨ ਕੀਤੇ ਸਨ।

ਦੁਆਬੇ ਦੇ ਪ੍ਰਸਿੱਧ ਅਕਾਲੀ ਨੇਤਾ ਸ. ਕੁਲਦੀਪ ਸਿੰਘ ਵਡਾਲਾ ਨੇ ਅਪਣੇ ਭਾਸ਼ਣ ਵਿਚ ਕਿਹਾ ਕਿ ਸ਼ਹੀਦਾਂ ਦੀ ਕਮਾਈ ਮਹਾਨ ਸੀ ਪਰ ਉਹਨਾਂ ਦੇ ਸੁਪਣੇ ਪੂਰੇ ਹੁੰਦੇ ਨਹੀਂ ਦਿਸਦੇ। ਸਮਾਜ ਵਿਚ ਵਧ ਰਹੀ ਕੁਰੱਪਸ਼ਣ ਅਤੇ ਹੋਰ ਕੁਰੀਤੀਆਂ ਤੇ ਵਿਚਾਰ ਕਰਨ ਦੀ ਲੋੜ ਹੈ। ਸਾਰੇ ਨਾਮਧਾਰੀ ਸਮਾਜ, ਨਾਮਧਾਰੀ ਦਰਬਾਰ ਅਤੇ ਬਾਬਾ ਜੀ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਸਦਾ ਹੀ ਇਹਨਾਂ ਕੁਰੀਤੀਆਂ ਵਿਰੁੱਧ ਸੰਘਰਸ਼ ਕੀਤਾ ਹੈ।

ਪਰਸਿਧ ਲੇਖਕ ਪੱਤਰਕਾਰ ਅਤੇ ਸਪਤਾਹਕ ਸਤਿਜੁਗ ਦੇ ਸੰਪਾਦਕ ਪ੍ਰੋ. ਤਾਰਾ ਸਿੰਘ ਅਨਜਾਣ ਹੋਰਾਂ ਨਾਮਧਾਰੀ ਸ਼ਹੀਦਾਂ ਵੱਲੋਂ ਆਪਣੇ ਕੀਤੇ ਕਾਰਜ ਨੂੰ ਆਪ ਕਬੂਲਣ ਦਾ ਸਤਿਗੁਰੂ ਜੀ ਵਲੋਂ ਹੁਕਮ ਨੂੰ ਪ੍ਰਵਾਨ ਕਰਨ ਦਾ ਮਹੱਤਵ ਦੱਸਿਆ। ਸੂਬਾ ਸੁਰਿੰਦਰ ਕੌਰ ਖਰਲ ਜਿਹਨਾਂ ਨੇ ਸ਼ਹੀਦਾਂ ਦੇ ਪਰਿਵਾਰ ਖੋਜਣ ਦਾ ਸਲਾਹੁਣ ਯੋਗ ਉਦਮ ਕੀਤਾ ਹੈ ਉਹਨਾਂ ਨੇ ਸ਼ਹੀਦ ਪਰਿਵਾਰਾਂ ਦਾ ਪਰੀਚੈ ਵੀ ਕਰਵਾਇਆ ਅਤੇ ਬਹੁਤ ਸੰਖੇਪ ਸ਼ਬਦਾਂ ਵਿਚ ਸੁਝਾਓ ਦਿੱਤਾ ਕਿ ਪਿੰਡ ਪਿੱਥੋ ਜਿਥੋਂ ਦੇ ਇਹ ਤਿੰਨੇ ਸ਼ਹੀਦ, ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁੱਖ ਸਨ ਉਸ ਪਿੰਡ ਵਿਚ ਇਹਨਾਂ ਸ਼ਹੀਦਾਂ ਦੀ ਯਾਦ ਵਿਚ ਇਕ ਕਮਿਊਨਿਟੀ ਸੈਂਟਰ ਬਣਨਾ ਚਾਹੀਦਾ ਹੈ ਅਤੇ ਬਾਕੀ ਥਾਵਾਂ ਤੇ ਸ਼ਹੀਦਾਂ ਦੀਆਂ ਯਾਦਗਾਰਾਂ ਉਸਰਨੀਆਂ ਚਾਹੀਦੀਆਂ ਹਨ



Namdhari Elibrary NamdhariElibrary@gmail.com

(ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਸੁਝਾਅ ਮੌਕੇ ਤੇ ਹੀ ਮੰਨ ਲਿਆ।

ਪੰਜਾਬ ਬੀ. ਜੇ. ਪੀ. ਸਾਬਕਾ ਪ੍ਰਧਾਨ ਅਤੇ ਪਾਰਲੀਮੈਂਟ ਦੇ ਮੈਂਬਰ ਸ੍ਰੀ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਨਾਮਧਾਰੀ ਅੰਦੋਲਨ ਡੇਢ ਸੌਵੇਂ ਸਾਲ ਵਿਚ ਪੰਜਾਬ ਭਰ ਵਿਚ ਥਾਂ-ਥਾਂ ਸਮਾਗਮ ਹੋਣਗੇ। ਉਹਨਾਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਪਾਲੀਮੈਂਟ ਵਿਚ ਫੋਟੋ ਲਾਉਣ ਦਾ ਪਰਯਾਸ ਕਰ ਰਹੇ ਹਾਂ। ਲੋਕ ਸਭਾ ਦੇ ਮੌਜੂਦਾ ਡਿਪਟੀ ਸਪੀਕਰ ਸਾਹਿਬ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੀ ਰਹਿ ਚੁੱਕੇ ਹਨ। ਆਪ ਸ੍ਰੀ ਭੈਣੀ ਸਾਹਿਬ ਦੇ ਅਸੈਂਬਲੀ ਹਲਕੇ ਕੂਮ ਕਲਾਂ ਤੋਂ ਜਿਤਦੇ ਰਹੇ ਹਨ ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਸਿੱਖੀ ਵਿਚ ਤੁਸੀਂ ਪਰਪੱਕ ਹੋ। ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਵਿਧਾਨ ਸਭਾ ਪੰਜਾਬ ਦੀ ਲਾਬੀ ਵਿਚ ਲਾ ਦਿੱਤਾ ਗਈ ਹੈ ਅਤੇ ਹੁਣ ਦਿੱਲੀ ਪਾਰਲੀਮੈਂਟ ਵਿਚ ਲਾਉਣੀ ਹੈ। ਉਹਨਾਂ ਸੁਝਾਅ ਦਿੱਤਾ ਕਿ ਨਾਮਧਾਰੀ ਸਮਾਜ ਅਤੇ ਸਿੱਖਾਂ ਦੀ ਮੁੱਖ ਧਾਰਾ ਵਿਚ ਛੋਟੀਆਂ ਮੋਟੀਆਂ ਜੋ ਤਰੇੜਾ ਹਨ ਉਹਨਾਂ ਨੂੰ ਮਿਲ ਬੈਠ ਕੇ ਸੁਲਝਾ ਲੈਣਾ ਚਾਹੀਦਾ ਹੈ ਅਤੇ ਖ਼ਤਮ ਕਰ ਦੇਣੀਆਂ ਚਾਹੀਦੀਆਂ ਹਨ। ਸ. ਹਰਪਾਲ ਸਿੰਘ ਜੀ ਨੇ ਹਰ ਵਕਤੇ ਦੇ ਬਾਦ ਉਸ ਦੇ ਕਹੇ ਦੀ ਵਿਆਖਿਆ ਕੀਤੀ ਅਤੇ ਟਿਪਣੀਆਂ ਦਾ ਨਾਲੋ ਨਾਲ ਸਮਾਧਾਨ ਵੀ ਕੀਤਾ।

ਸ. ਪਰਕਾਸ਼ ਸਿੰਘ ਬਾਦਲ ਤਾਂ ਅੰਤਮ ਬੁਲਾਰੇ ਸਨ ਪਰ ਉਹਨਾਂ ਤੋਂ ਪਹਿਲਾ ਆਰ-ਐਸ. ਐਸ. ਦੇ ਮੁੱਖੀ ਸ੍ਰੀ ਕੇ ਸੁਦਰਸ਼ਨ ਸਿੰਘ ਜੀ ਦਾ ਇਕ ਲੰਬਾ ਭਾਸ਼ਣ ਹੋਇਆ। ਉਹਨਾਂ ਆਪਣੇ ਢੰਗ ਨਾਲ ਨਾਮਧਾਰੀ ਇਤਿਹਾਸ ਦੀ ਵਿਆਖਿਆ ਕੀਤੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ. ਪ੍ਰਕਾਸ਼ ਸਿੰਘ ਬਾਦਲ ਹੋਰਾਂ ਬਹੁਤ ਨਪੀ ਤੁਲੀ ਬੋਲੀ ਬੋਲਦਿਆਂ ਕਿਹਾ ਕਿ ਇਹ ਸਮਾਗਮ ਸਾਰਾ ਸਾਲ ਚਲਣੇ ਹਨ। ਜਿਨਾਂ ਕੁਰਬਾਨੀ ਦਾ ਖ਼ਜ਼ਾਨਾ ਪੰਜਾਬ ਕੋਲ ਹੈ, ਨਾਮਧਾਰੀ ਭਾਈਚਾਰੇ ਕੋਲ ਹੈ ਉਸਦਾ ਮੁਕਾਬਲਾ ਨਹੀਂ ਹੋ ਸਕਦਾ। ਇਹ ਵਿਰਸਾ ਗੁਰੂ ਸਾਹਿਬ ਤੋਂ ਮਿਲਿਆ ਹੈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੇ ਲਾ ਮਿਸਾਲ ਕੁਰਬਾਨੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰਿਆ। ਦੇਸ਼ ਦੀ ਆਜ਼ਾਦੀ ਵਿਚ, ਕੁਰਬਾਨੀਆਂ ਵਿਚ ਸਭ ਤੋਂ ਵੱਡਾ ਯੋਗਦਾਨ ਪੰਜਾਬ ਦਾ ਹੈ। ਆਬਾਦੀ ੨.੫ ਫੀਸਦੀ ਅਤੇ ਯੋਗਦਾਨ ੭੦ ਫੀਸਦੀ ਹੈ। ਇਸ ਵਿਚ ਅਗੋਂ ਕੂਕਾ ਮੂਵਮੈਂਟ ਅਤੇ ਸਤਿਗੁਰੂ ਰਾਮ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ। ਬਾਈਕਾਟ ਅਤੇ ਸਵਦੇਸ਼ੀ ਦੇ ਹਥਿਆਰ ਸਭ ਤੋਂ ਪਹਿਲਾਂ ਉਹਨਾਂ ਨੇ ਵਰਤੇ। ਉਹ ਸਾਡੇ ਲਈ ਚਾਨਣ ਮੁਨਾਰਾ ਹੈ ਇਹਨਾਂ ਸ਼ਹਾਦਤਾਂ ਨੇ ਸਾਡੇ ਦੇਸ਼ ਆਜ਼ਾਦ ਕਰਾਇਆ ਹੈ। ਅੱਜ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋਏ। ਦੇਸ਼ ਨੂੰ ਆਜ਼ਾਦ ਹੋਇਆ ਸੱਠ ਸਾਲ ਹੋ ਗਏ ਪਰ ਅੱਜ ਵੀ ਗਰੀਬੀ, ਅਨਪੜਤਾ, ਬੇਰੁਜਗਾਰੀ, ਸ਼ੁਧ ਪੀਣ ਵਾਲਾ ਪਾਣੀ ਅਤੇ ਹੋਰ ਸਮਸਿਆਵਾਂ ਹਨ। ਸਾਨੂੰ ਇਹ ਮੁਸ਼ਕਲਾਂ ਇੱਕਠਿਆਂ ਹੋ ਕੇ ਦੂਰ ਕਰਨੀਆਂ ਚਾਹੀਦੀਆਂ ਹਨ। ਇਥੇ ਅਟਵਾਲ ਸਾਹਿਬ ਨੇ ਕੁਝ ਤ੍ਰੇੜਾਂ ਦਾ ਜ਼ਿਕਰ ਕੀਤਾ ਹੈ। ਪਰ ਮੈਨੂੰ ਤਾਂ ਕੋਈ ਫਰਕ ਨਹੀਂ ਲਗਦਾ। ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ਹਨ। ਮੇਰਾ ਜੋ ਸਤਿਕਾਰ ਨਾਮਧਾਰੀ ਭਾਈਚਾਰਾ ਕਰਦਾ ਹੈ ਕੋਈ ਦੂਸਰਾ ਨਹੀਂ ਕਰਦਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਸ਼ਾਬੰਦੀ, ਭਰੂਣ ਹੱਤਿਆ ਵਿਰੁੱਧ ਅਤੇ ਖੇਡਾਂ ਵਿਚ ਬਹੁਤ ਵੱਡੇ ਕੰਮ ਕੀਤੇ ਹਨ। ਕਿਨਾ ਮਾਣ ਹੁੰਦਾ ਹੈ ਜਦੋਂ ਨਾਮਧਾਰੀ ਟੀਮ ਪਹਿਲੇ ਨੰਬਰ ਤੇ ਆਉਂਦੀ ਹੈ। ਸੰਗੀਤ ਵਿਚ ਇਹਨਾਂ ਬਹੁਤ ਵੱਡਾ ਰਸਤਾ ਦਿਖਾਇਆ ਹੈ। ਸਾਨੂੰ ਇਹਨਾਂ ਰਸਤਿਆਂ ਤੇ ਚਲਣਾ ਚਾਹੀਦਾ ਹੈ।.. ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ। ਜਿਵੇਂ ਬੀਬੀ ਜੀ ਨੇ ਕਿਹਾ ਹੈ ਪਿੰਡ ਪਿੱਥੋ ਵਿਚ ਸ਼ਹੀਦਾਂ ਦੀ ਯਾਦ ਵਿ ਕਮਿਊਨਿਟੀ ਸੈਂਟਰ ਬਣਾਇਆ ਜਾਵੇਗਾ। ਮੈਂ ਕਲ ਪਹਿਲਾਂ ਕੰਮ ਇਹ ਹੀ ਕਰਾਂਗਾ ਕਿ ਪਿੱਥੋ ਦੀ ਸੰਗਤ ਨੂੰ ਦਸ ਲੱਖ ਰੁਪਿਆ ਏਸ ਸੈਂਟਰ ਵਾਸਤੇ ਭੇਟ ਕਰਾਂਗਾ।

ਸਤਿਗੁਰੂ ਰਾਮ ਸਿੰਘ ਜੀ ਦਾ ਦਿਨ ਸਾਰੇ ਭਾਰਤ ਵਿਚ ਕਿਉ ਨਹੀਂ ਮਨਾਇਆ ਜਾਂਦਾ। ਸਤਿਗੁਰੂ ਰਾਮ ਸਿੰਘ ਸ਼ਹੀਦ ਭਗਤ ਸਿੰਘ, ਸ਼ਹੀਦ ਊਦਮ ਸਿੰਘ ਸੁਨਾਮ ਦੇ ਦਿਨ ਸਾਰੇ ਹਿੰਦੁਸਤਾਨ, ਸਾਰੀਆਂ ਪਾਰਟੀਆਂ ਵੱਲੋਂ ਮਨਾਏ ਜਾਣੇ ਚਾਹੀਦੇ ਹਨ ਅਤੇ ਮਨਾਂਵਾਂਗੇ।

ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਆਸ਼ੀਰਵਾਦ ਸਦਾ ਹੀ ਰਿਹਾ ਹੈ। ਮੈਂ ਚੌਥੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਿਆ ਹਾਂ। ਪਾਰਟੀ ਦਾ ਪਰਧਾਨ ਵੀ ਹਾਂ। ਇਹ ਅਹੁਦੇ ਇਹ ਕੁਰਸੀਆਂ ਕਾਬਲੀਅਤ ਨਾਲ ਨਹੀਂ ਮਿਲਦੇ। ਇਹ ਅਕਾਲ ਪੁਰਖ ਦੀ ਮਿਹਰ ਅਤੇ ਮਹਾਂਪੁਰਖਾਂ ਦੀ ਆਸ਼ੀਰਵਾਦ ਨਾਲ ਮਿਲਦੇ ਹਨ। ਮੈਨੂੰ ਕੋਈ ਵੀ ਕੰਮ ਮੁੱਖ ਮੰਤਰੀ ਸਮਝ ਕੇ ਨਹੀਂ, ਅਦਨਾ ਸੇਵਾਦਾਰ, ਮੁਲਾਜ਼ਮ ਸਮਝ ਕੇ ਕਹਿਆ ਕਰੋ।

ਅੰਤ ਉਤੇ ਨਾਮਧਾਰੀ ਦਰਬਾਰ ਦੇ ਮੀਤ ਪ੍ਰਧਾਨ ਸ. ਸੁਰਿੰਦਰ ਸਿੰਘ ਲਾਇਲ ਹੋਰਾਂ ਮੁੱਖ ਮੰਤਰੀ ਜੀ ਵੱਲੋਂ ਕੀਤੇ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਸਭ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਦੇਸ਼ ਵਿਦੇਸ਼ ਤੋਂ ਸੰਗਤਾਂ ਹਾਜ਼ਰ ਸਨ। ਇੰਗਲੈਂਡ ਤੋਂ ਇਤਿਹਾਸ ਦੇ ਖੋਜੀ ਵਿਦਵਾਨ ਸ. ਸੁਰਜੀਤ ਸਿੰਘ ਜੀਤ ਵੀ ਆਏ ਸਨ। ਸ਼ਹੀਦ ਦੇ ਪਰਿਵਾਰ ਵੱਡੀ ਗਿਣਤੀ ਵਿਚ ਸਨ। ਸੰਗਤਾਂ ਹੁਮ ਹੁਮਾ ਕੇ ਪੁਜੀਆਂ ਸਨ। ਪਾਣੀ ਛਡਕੇ



Namdhari Elibrary NamdhariElibrary@gmail.com

ਪੱਖਿਆ ਨਾਲ ਵਾਤਾਵਰਨ ਕਾਫੀ ਹੱਦ ਤੱਕ ਠੰਡਾ ਸੀ। ਲੰਗਰ ਆਓ ਭਗਤ ਦਾ ਵਿਸ਼ੇਸ਼ ਪਰਬੰਧ ਸੀ। ਲੁਧਿਆਣਾ ਜਲੰਧਰ ਦੀਆਂ ਸੰਗਤਾਂ ਅਤੇ ਨੌਜੁਆਨਾ ਮਾਈ ਭਾਈ ਸੇਵਾ ਲਈ ਤੱਤਪਰ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਖੁਲ੍ਹੇ ਦਰਸ਼ਨ ਦੀਦਾਰੇ ਸੰਗਤਾਂ ਨੇ ਕਰ ਕੇ ਜਨਮ ਸਫਲਾ ਕੀਤਾ। ਇਸ ਅਸਵਰ ਤੇ ਬਹੁਤ ਸਾਰੇ ਆਏ ਪ੍ਰਾਹੁਣਿਆਂ ਦਾ ਮਾਨ ਸਨਮਾਨ, ਸਰੋਪੇ, ਸ਼ੀਲਡਾਂ ਦੇ ਕੇ ਕੀਤਾ ਗਿਆ। ਪ੍ਰੋ. ਤਾਰਾ ਸਿੰਘ ਅਨਜਾਣ ਦੀ ਲਿਖੀ ਹੋਈ ਅੰਗਰੇਜ਼ੀ ਪੁਸਤਕ Namdhari Sikhs a brief History and ...... ਕੌਰ ਦੀ ਪੁਸਤਕ ਵੀ ਰੀਲੀਜ਼ ਕੀਤੀ ਗਈ।

ਫਾਰਕ ਉਦੇ ਸਿੰਘ, ਸੰਤ ਜਗਤਾਰ ਸਿੰਘ ਹੋਰਾਂ ਦੀ ਅਗਵਾਈ ਵਿਚ ਵਿਓਂਤਿਆ ਗਿਆ ਇਹ ਸਮਾਗਮ ਅਮਿਟ ਪੈੜਾਂ ਛੱਡ ਗਿਆ।

## ਸਤਿਗੁਰੂ ਜਗਜੀਤ ਸਿੰਘ ਜੀ ਦੀ ਜਲੰਧਰ ਵਿਚ ਭਾਗਾਂ ਭਰੀ ਫੇਰੀ

੩੦ ਜੁਲਾਈ ੨੦੦੭ ਸੋਮਵਾਰ ਨੂੰ ਬੜੇ ਲੰਮੇ ਅਰਸੇ ਬਾਦ (ਕਰੀਬ ਅੱਠ ਸਾਲ ਪਿਛੋਂ) ਜਲੰਧਰ ਦੀ ਸੰਗਤ ਨੂੰ ਇਹ ਸੁਭਾਗ ਪ੍ਰਾਪਤ ਹੋਇਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਵੇਹੜੇ ਵਿਚ ਜੀ ਆਇਆਂ ਕਹਿ ਸਕਣ।

ਵਕਤ ਥੋਹੜਾ ਵੀ ਸੀ ਅਨਿਸਚਿਤ ਵੀ ਸੀ, ਸਤਿਗੁਰੂ ਜੀ ਨੇ ਦਪੁਹਿਰ ਨੂੰ ਦਰਸ਼ਨ ਦੇਣੇ ਸਨ ਪਰ ਸਮਾਗਮ ਅਸਥਾਨ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਲਾਡੋਵਾਲੀ ਰੋਡ ਜਲੰਧਰ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲਾਂ ਹੀ ਸਾਧ ਸੰਗਤ ਵੱਖ-ਵੱਖ ਥਾਵਾਂ ਤੋਂ ਪੁਜਣੀ ਸ਼ੁਰੂ ਹੋ ਗਈ ਸੀ। ਭਾਵੇਂ ਕੋਈ ਪਬਲਿਸਿਟੀ ਨਹੀਂ ਸੀ ਕੀਤੀ ਕੋਈ ਇਸ਼ਤਿਹਾਰ ਜਾਂ ਸੱਦਾ ਪੱਤਰ ਨਹੀਂ ਸੀ ਭੇਜਿਆ ਨਾ ਅਖਬਾਰ ਵਿਚ ਸੂਚਨਾ ਛਾਪੀ ਗਈ ਸੀ ਪਰ ਕੰਨੋਂ ਕੰਨੀ ਸੁਣ ਕੇ ਹੀ ਸੰਗਤਾਂ ਵਾਹੋ ਦਾਹੀ ਪੁੱਜ ਗਈਆਂ ਸਨ। ਨਾਮਧਾਰੀ ਧਰਮਸਾਲਾ ਦਾ ਅੰਦਰ ਬਾਹਰ ਨੱਕੋ ਨਕ ਭਰਿਆ ਸੀ ਅਤੇ ਬਾਹਰ ਸੜਕਾਂ ਦੇ ਦੋਹਨੇ ਪਾਸੀ, ਸੰਗਤਾਂ ਹੱਥਾਂ ਵਿਚ ਫੁਲ ਲੈ ਕੇ ਖੜੀਆਂ ਸਨ। ਨਜ਼ਾਰਾ ਵੇਖਣ ਲਈ ਸੜਕ ਦੇ ਦੋਹੀ ਪਾਸੀ ਕਿਨਾਰਿਆਂ ਤੇ ਅਤੇ ਉਪਰ ਛੱਤਾਂ ਤੇ ਵੀ ਲੋਕ ਖੜੇ ਸਨ। ਸੰਗਤਾਂ ਦਾ ਜਿਵੇਂ ਹੜ੍ਹ ਜਾਂ ਜਵਾਰ ਭਾਟਾ ਆਇਆ ਹੋਇਆ ਸੀ। ਸਤਿਗੁਰੂ ਜੀ ਦਾ ਆਰਜ਼ੀ ਮੁਕਾਮ ਸੰਤ ਸੁਖਦੇਵ ਸਿੰਘ ਦੀ ਤਬਲਾ ਕਲਾਕਾਰ ਦੇ ਨਵੇ ਬਣਾਏ ਨਿਵਾਸ ਅਸਥਾਨ ਤੇ ਸੀ ਅਤੇ ਉਥੋਂ ਦੀਵਾਨ ਅਸਥਾਨ ਤੇ ਪੁੱਜੇ ਤਾਂ ਜੈਕਾਰਿਆਂ ਨਾਲ ਅਸਮਾਨ ਗੂੰਜ ਉਠਿਆ। ਦੀਵਾਨ ਅਸਥਾਨ ਤੇ ਰਾਗੀ ਸਿੰਘ ਕੀਤਰਨ ਕਰ ਰਹੇ ਸਨ। ਪਹਿਲਾਂ ਜਲੰਧਰ ਦੇ ਸਿੰਘ ਸੰਤ ਬਲਬੀਰ ਸਿੰਘ ਮੌਜੀ ਅਤੇ ਬਲਬੀਰ ਸਿੰਘ ਸੰਤ, ਕੁਲਵੰਤ ਸਿੰਘ, ਸੰਤੋਖ ਸਿੰਘ ਹੋਰਾਂ ਲਗਾਤਾਰ ਡੇਢ ਘੰਟਾ ਕੀਰਤਨ ਕੀਤਾ ਅਤੇ ਉਹਨਾਂ ਤੋਂ ਬਾਅਦ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ (ਘੁਲਾ) ਸਰਮੁਖ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਅਜੈਪਾਲ ਸਿੰਘ ਸਮੇਤ ਜਲੰਧਰ ਦੇ ਰਾਗੀ ਸਿੰਘਾਂ ਨੇ

ਹੋਰਾਂ ਉੱਚੀਆਂ ਸੁਰਾਂ ਵਿੱਚ ਵਕਤ ਦੇ ਰਾਗ ਅਤੇ ਸਮੇਂ ਅਨਕੂਲ ਸ਼ਬਦ ਪੜ੍ਹੇ। ਇਕ ਪਾਸੇ ਸੰਗਤਾਂ ਦਾ ਬੇਪਨਾਹ ਹਜੂਮ ਵਾਰੀ-ਵਾਰੀ ਮੱਥਾ ਟੇਕ ਰਿਹਾ ਸੀ ਅਤੇ ਰਾਗੀਆਂ ਦੇ ਸ਼ਬਦ ਕੰਨਾਂ ਵਿਚ ਗੂੰਜ ਰਹੇ ਸਨ : "ਬਰਸੁ ਘਨਾ ਮੇਰਾ ਪਿਰੁ ਘਰਿ ਆਇਆ॥ ਬਲਿ ਜਾਵਾਂ ਗੁਰ ਅਪਨੇ ਪ੍ਰੀਤਮ, ਜਿਨਿ ਹਰਿ ਪ੍ਰਭੂ ਆਣਿ ਮਿਲਾਇਆ".... ਰਾਗ ਮੀਆਂ ਮਲਹਾਰ ਦੀਆਂ ਸੁਰਾਂ ਵਿਚ ਸ਼ਬਦ ਹੋਰ ਵੀ ਉਘੜ ਰਿਹਾ ਸੀ। ਫਿਰ ਉਹਨਾਂ ਪਹਾੜੀ ਦੀਆਂ ਸੁਰਾਂ ਵਿਚ "ਐਸੇ ਗੁਰ ਕਉ ਬਲਿ ਬਲਿ ਜਾਈਐ, ਆਪਿ ਮੁਕਤੁ ਮੋਹਿ ਤਾਰੈ।" ਬਹੁਤ ਵਜਦ ਵਿਚ ਪੜ੍ਹਿਆ ਸੰਗਤ ਦੇ ਭਾਵ ਅਤੇ ਰਾਗੀਆਂ ਦੀ ਸੁਰ ਇਕ ਮਿਕ ਹੋਈਆਂ ਪਈਆਂ ਸਨ। ਅੰਤ ਉਤੇ ਉਹਨਾਂ "ਕੁਚਿਲ ਕਠੋਰ ਕਪਟ ਕਾਮੀ" ਜਿਉ ਜਾਨਹਿ ਤਿਉ ਤਾਰ ਸੁਆਮੀ" ਸ਼ਬਦ ਦਾ ਗਾਇਨ ਕੀਤਾ। ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਸਤਿਗੁਰੂ ਜੀ ਦੇ ਪਧਾਰਨ ਤੇ ਸੰਗਤਾਂ ਦੇ ਮਨ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਧੰਨਵਾਦ ਕੀਤਾ। ਉਹਨਾਂ ਗੁਰੂ ਬਾਣੀ ਵਿਚ ਅੰਕਿਤ ਸਤਿਗੁਰੂ, ਸਤਿਗੁਰੂ ਪ੍ਰਸਾਦਿ ਅਤੇ ਅਪਣੇ ਸਤਿ ਗੁਰੂ ਸ਼ਬਦਾਂ ਦੀ ਸੰਖੇਪ ਵਿਆਖਿਆ ਕਰਦਿਆ ਕਿਹਾ ਕਿ ਸਾਡਾ ਜੋ ਕਦਮ ਸਤਿਗੁਰੂ ਜੀ ਦੇ ਹੁਕਮਾਂ ਅਣਕੂਲ ਹੁੰਦਾ ਹੈ ਉਹ ਸਾਰਥਕ ਹੁੰਦਾ ਹੈ ਅਤੇ ਦੂਜਾ ਨਿਰਾਰਥਕ। ਲੰਗਰ ਗੁਰੂ ਕਾ ਲਗਾਤਾਰ ਕਈ ਘੰਟੇ ਅਤੁੱਟ ਵਰਤਦਾ ਰਿਹਾ। ਸਤਿਗੁਰੂ ਜੀ ਦੀ ਜਲੰਧਰ ਆਗਮਣ ਇੱਕ ਯਾਦਗਾਰ ਬਣ ਗਿਆ। ਸ੍ਰੀ ਭੈਣੀ ਸਾਹਿਬ ਤੋਂ ਸੰਤ ਜਗਤਾਰ ਸਿੰਘ ਜੀ ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਕਸ਼ਮੀਰ ਸਿੰਘ ਆਦਕ ਮਹਾਂਪੁਰਖ ਵੀ ਪਧਾਰੇ ਸਨ।

## ਪੱਤਰਕਾਰ ਦਲਬੀਰ ਸਿੰਘ ਨੂੰ ਸ਼ਰਧਾਂਜਲੀਆਂ

ਚੰਡੀਗੜ੍ਹ ੫ ਅਗਸਤ-'ਪੰਜਾਬੀ ਟ੍ਰਿਬਿਊਨ' ਦੇ ਡਿਪਟੀ ਐਡੀਟਰ ਅਤੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਨਮਿੱਤ ਅੱਜ ਸੈਕਟਰ-੩੪ ਸਥਿਤ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਹੋਇਆ। ਇਸ ਮੌਕੇ ਪੱਤਰਕਾਰੀ ਅਤੇ ਹੋਰ ਖੇਤਰ ਦੀਆਂ ਪੁੱਜੀਆਂ ਨਾਮਵਰ ਸ਼ਖਸੀਅਤਾਂ ਨੇ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਥੰਮ੍ਹ ਅਤੇ ਮਿਸਾਲ ਕਰਾਰ ਦਿੱਤਾ।

ਫਰਵਰੀ ੧੯੭੯ ਤੋਂ 'ਪੰਜਾਬੀ ਟ੍ਰਿਬਿਊਨ' ਵਿੱਚ ਅਹਿਮ



Namdhari Elibrary NamdhariElibrary@gmail.com

ਅਹੁਦਿਆਂ ਉੱਪਰ ਜ਼ਿੰਮੇਵਾਰੀ ਨਿਭਾਉਂਦੇ ਆ ਰਹੇ ਦਲਬੀਰ ਸਿੰਘ (੫੮) ਦਾ ੨੮ ਜੁਲਾਈ ਨੂੰ ਦਫ਼ਤਰ ਵਿਚ ਹੀ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਸੀ। ਇਸ ਮੌਕੇ ਕੇਂਦਰੀ ਵਿੱਤ ਰਾਜ ਮੰਤਰੀ ਪਵਨ ਕੁਮਾਰ ਬਾਂਸਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦਲਬੀਰ ਸਿੰਘ ਅਜੋਕੇ ਦੌਰ ਵਿਚ ਨਿਰਪੱਖ, ਨਿਰਵੈਰ ਤੇ ਨਿਡਰ ਪੱਤਰਕਾਰੀ ਰਾਹੀਂ ਆਪਣੀ ਵਿਲੱਖਣ ਪਛਾਣ ਬਣਾ ਗਏ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਭਾਵੇਂ ਅੱਜ ਦਲਬੀਰ ਸਿੰਘ ਸਾਡੇ ਵਿੱਚ ਨਹੀਂ ਰਹੇ, ਪਰ ਉਹ ਆਪਣੀ ਲੇਖਣੀ ਰਾਹੀਂ ਹਮੇਸ਼ਾ ਆਪਣੀ ਵੱਖਰੀ ਸ਼ਖਸੀਅਤ ਦੀਆਂ ਮਹਿਕਾਂ ਵੰਡਦੇ ਰਹਿਣਗੇ। ਉਨ੍ਹਾਂ ਦਲਬੀਰ ਸਿੰਘ ਦੇ ਪਰਿਵਾਰ ਨੂੰ ਸਰਕਾਰ ਵੱਲੋਂ ਵਿੱਤੀ ਮਦਦ ਦੇਣ ਦਾ ਐਲਾਨ ਵੀ ਕੀਤਾ।

'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਜੀ. ਐਸ. ਸਿੱਧੂ ਦਮਦਮੀ ਨੇ ਕਿਹਾ ਕਿ ਜਿਥੇ ਦਲਬੀਰ ਸਿੰਘ ਦੀ ਮੌਤ ਨਾਲ 'ਪੰਜਾਬੀ ਟ੍ਰਿਬਿਊਨ' ਨੂੰ ਵੱਡਾ ਘਾਟਾ ਪਿਆ ਹੈ, ਉਥੇ ਇਸ ਸ਼ਖਸੀਅਤ ਦੇ ਜਾਣ ਨਾਲ ਸਮੁੱਚੀ ਪੰਜਾਬੀ ਪੱਤਰਕਾਰੀ ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। 'ਦੈਨਿਕ ਟ੍ਰਿਬਿਊਨ' ਦੇ ਸੰਪਾਦਕ ਨਰੇਸ਼ ਕੌਸ਼ਲ ਨੇ ਕਿਹਾ ਕਿ ਅਜੋਕੇ ਦੌਰ ਵਿਚ ਦਲਬੀਰ ਸਿੰਘ ਜਿਹੇ ਨਿਰਪੱਖ ਪੱਤਰਕਾਰ ਦੀ ਵੱਡੀ ਲੋੜ ਸੀ। ਉਨ੍ਹਾਂ ਟ੍ਰਿਬਿਊਨ ਅਦਾਰੇ ਦੇ ਮੁੱਖ ਸੰਪਾਦਕ ਵੱਲੋਂ ਮ੍ਰਿਤਕ ਦੇ ਪਰਿਵਾਰ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

'ਟ੍ਰਿਬਿਊਨ ਇੰਪਲਾਈਜ਼ ਯੂਨੀਅਨ' ਦੇ ਪ੍ਰਧਾਨ ਜਗਤਾਰ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਜਦ ਪੱਤਰਕਾਰੀ ਵਿਕਾਊ ਹੋ ਰਹੀ ਹੈ, ਤਾਂ ਇਸ ਵੇਲੇ ਦਲਬੀਰ ਸਿੰਘ ਦੇ ਕੱਦ ਵਾਲੇ ਪੱਤਰਕਾਰ ਦੀ ਇਸ ਖੇਤਰ ਨੂੰ ਅਹਿਮ ਲੋੜ ਸੀ। ਉਨ੍ਹਾਂ ਮ੍ਰਿਤਕ ਦੇ ਪਰਿਵਾਰ ਨੂੰ ਹਰੇਕ ਸਹਿਯੋਗ ਦੇਣ ਦਾ ਭਰੋਸਾ ਦਿੱਤਾ। 'ਨਵਾਂ ਜ਼ਮਾਨਾ' ਅਖਬਾਰ ਦੇ ਮੁੱਖ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਕਿਹਾ ਕਿ ਪੰਜਾਬ ਵਿਚ ਚੱਲੇ ਅਤਿਵਾਦ ਦੇ ਦੌਰ ਦੌਰਾਨ ਵੀ ਦਲਬੀਰ ਬੜੀ ਦਲੇਰੀ ਨਾਲ ਆਪਣੀ ਸੋਚ ਉੱਪਰ ਪਹਿਰਾ ਦਿੰਦਾ ਰਿਹਾ।

'ਪੰਜਾਬੀ ਟ੍ਰਿਬਿਊਨ' ਦੇ ਚੀਫ ਸਬ ਅਡੀਟਰ ਬਲਬੀਰ ਸਿੰਘ ਜੰਡੂ ਨੇ ਦਲਬੀਰ ਸਿੰਘ ਦੇ ਲਾਸਾਨੀ ਪੱਤਰਕਾਰੀ ਸਫਰ ਅਤੇ ਉਨ੍ਹਾਂ ਦੀਆਂ ਹੋਰ ਲਿਖਤਾਂ 'ਤੇ ਚਾਨਣਾ ਪਾਇਆ।

ਵਿਚਾਰ ਮੰਚ ਦੇ ਸੰਪਾਦਕ ਸਤਨਾਮ ਚਾਨਾ ਨੇ ਦਲਬੀਰ ਸਿੰਘ ਦੀਆਂ ਵਿਦਿਆਰਥੀ ਲਹਿਰ ਵਿਚਲੀਆਂ ਸਰਗਰਮੀਆਂ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ। ਏਕਟ ਪੰਜਾਬ ਦੇ ਜਨਰਲ ਸਕੱਤਰ ਅਤੇ ਭਾਰਤੀ ਕਮਿਊਨਿਸਟ ਪਾਰਟੀ ਪੰਜਾਬ ਸਕੱਤਰੇਤ ਦੇ ਮੈਂਬਰ ਬੰਤ ਸਿੰਘ ਬਰਾੜ ਨੇ ਵੀ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਟ੍ਰਿਬਿਊਨ ਟਰੱਸਟ ਦੇ ਚੇਅਰਮੈਨ ਜਸਟਿਸ ਆਰ. ਐਸ. ਪਾਠਕ ਵੱਲੋਂ ਭੇਜੇ ਸੋਗ ਸੁਨੇਹੇ 'ਚ ਸ਼੍ਰੋਮਣੀ ਪੱਤਰਕਾਰ ਦਲਬੀਰ ਸਿੰਘ ਦੀਆਂ 'ਪੰਜਾਬੀ ਟ੍ਰਿਬਿਊਨ' 'ਚ ੨੮ ਸਾਲ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਸਾਂਝੀ ਕੀਤੀ। ਸ਼ਰਧਾਂਜਲੀ ਸਮਾਰੋਹ 'ਚ 'ਪੰਜਾਬੀ ਟ੍ਰਿਬਿਊਨ' ਦੇ ਦੋ ਸਾਬਕਾ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਤੇ ਸ਼ੰਗਾਰਾ ਸਿੰਘ ਭੁੱਲਰ, ਸਾਬਕਾ ਸਮਾਚਾਰ ਸੰਪਾਦਕ ਸ਼ਾਮ ਸਿੰਘ ਅੰਗ-ਸੰਗ, ਮੌਜੂਦਾ ਸਹਾਇਕ ਸੰਪਾਦਕ ਅਸ਼ੋਕ ਸ਼ਰਮਾ, ਦੇਸ਼ ਸੇਵਕ ਦੇ ਸੰਪਾਦਕ ਸ਼ਮੀਲ, ਸੀਨੀਅਰ ਪੱਤਰਕਾਰ ਗੋਬਿੰਦ ਠੁਕਰਾਲ ਤੇ ਬਲਜੀਤ ਬੱਲੀ, ਲੇਖਕ ਕ੍ਰਿਸ਼ਣ ਧਿਆਨਪੁਰੀ ਤੇ ਮੋਹਨ ਭੰਡਾਰੀ, ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਅਜਮੇਰ ਸਿੰਘ ਔਲਖ, ਲੋਕ ਸੰਪਰਕ ਵਿਭਾਗ ਪੰਜਾਬ ਦੇ ਸਕੱਤਰ ਜਗਜੀਤ ਪੁਰੀ, ਟਰੇਡ ਯੂਨੀਅਨ ਆਗੂ ਰਣਬੀਰ ਢਿੱਲੋਂ, ਰਘਬੀਰ ਸਿੰਘ ਸੰਧੂ ਤੇ ਸੱਜਣ ਸਿੰਘ, ਗਾਇਕ ਹਰਭਜਨ ਮਾਨ, ਪੰਮੀ ਬਾਈ, ਹਰਦੀਪ, ਭੁਪਿੰਦਰ ਬੱਬਲ, ਹਰਜੀਤ ਨਾਗਰਾ ਤੇ ਕੁਲਬੀਰ ਸੈਣੀ, ਪੰਜਾਬ ਕਾਂਗਰਸ ਦੀ ਸੀਨੀਅਰ ਆਗੂ ਲਖਵਿੰਦਰ ਕੌਰ ਗਰਚਾ ਸ਼ਾਮਿਲ ਹੋਏ।

ਇਸ ਮੌਕੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਅਵਤਾਰ ਸਿੰਘ ਹੱਦ, ਮਾਛੀਵਾੜਾ ਪ੍ਰੈੱਸ ਕਲੱਬ, ਦੇਸ਼ ਭਗਤ ਯਾਦਗਾਰੀ ਕਮੇਟੀ ਜਲੰਧਰ, ਲੋਕ ਮੋਰਚਾ ਪੰਜਾਬ ਦੇ ਆਗੂ ਅਮੋਲਕ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿਜੀ ਸਹਾਇਕ ਪ੍ਰਿਥੀਪਾਲ ਸਿੰਘ ਸੰਧੂ, ਤਰਕਸ਼ੀਲ ਸੁਸਾਇਟੀ ਪੰਜਾਬ (ਮਾਲਵਾ ਖੇਤਰ) ਦੇ ਸਮੀਤ ਸਿੰਘ, ਪੰਜਾਬ ਸਕੂਲ ਸਿੱਖਿਆ ਬੋਰਡ (ਨਾਨ-ਟੀਚਿੰਗ) ਕਰਮਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਅਮਰ ਸਿੰਘ ਧਾਲੀਵਾਲ ਤੇ ਜਨਰਲ ਸਕੱਤਰ ਗੁਰਮੇਲ ਸਿੰਘ ਮੌਜੇਵਾਲ, ਸਪੋਰਟਸ ਕਲੱਬ ਭਾਈਰੂਪਾ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਬਰਨਾਲਾ, ਰਾਮਗੜ੍ਹੀਆ ਸਭਾ ਅੰਬਾਲਾ, ਫੈਡਰੇਸ਼ਨ ਆਫ ਇੰਡੀਆ ਪਬਲੀਸ਼ਰਜ਼ ਦੇ ਸਾਬਕਾ ਪ੍ਰਧਾਨ ਐਸ. ਬਲਵੰਤ, ਪੰਜਾਬ ਦੇ ਸਾਬਕਾ ਮੰਤਰੀ ਅਤੇ ਉੱਘੇ ਕਮਿਊਨਿਸਟ ਆਗੂ ਸਤਪਾਲ ਡਾਂਗ, ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ, ਕਵਿਤਾ ਕੇਂਦਰ ਚੰਡੀਗੜ੍ਹ ਦੇ ਕਰਮ ਸਿੰਘ ਵਕੀਲ, ਇਸਤਰੀ ਸਭਾ ਪੰਜਾਬ ਦੀ ਪ੍ਰਧਾਨ ਬੀਬੀ ਮਹਿੰਦਰ ਸਾਂਬਰ ਅਤੇ 'ਪ੍ਰੀਤਲੜੀ' ਦੀ ਸੰਪਾਦਕ ਪੂਨਮ ਸਿੰਘ ਨੇ ਸੰਦੇਸ਼ ਭੇਜ ਕੇ ਦਲਬੀਰ ਸਿੰਘ ਦੇ ਪੱਤਰਕਾਰੀ ਖੇਤਰ 'ਚ ਪਾਈਆਂ ਪੈੜਾਂ ਨੂੰ ਯਾਦ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਪਰਿਵਾਰ ਵੱਲੋਂ ਕੁਲਵੰਤ ਸਿੰਘ ਨੇ ਉਨ੍ਹਾਂ ਦੇ ਦੁੱਖ 'ਚ ਸ਼ਰੀਕ ਹੋਏ ਸੱਜਣਾਂ ਦਾ ਧੰਨਵਾਦ ਕੀਤਾ।



Namdhari Elibrary NamdhariElibrary@gmail.com

# ਵਲੂੰਧਰਿਆ ਚੇਤਾ

*—ਅਮਰਜੀਤ ਚੰਦਨ*

ਖਿਲਰੇ ਪੱਤਰ : ਜਗਦੀਸ਼ ਸਿੰਘ ਵਰਿਆਮ
ਵਰਿਆਮ ਪ੍ਰਕਾਸ਼ਨ ਲਾਡੋਵਾਲੀ ਰੋਡ ਜਲੰਧਰ
ਸਫ਼ੇ ੧੨੦ ਮੁੱਲ ੬੦ ਰੁਪਏ ੨੦੦੫

ਲੇਖਕ ਜਗਦੀਸ਼ ਸਿੰਘ ਵਰਿਆਮ ਸੰਨ ਸੰਤਾਲੀ ਵੇਲੇ ਨੌਂ ਸਾਲਾਂ ਦਾ ਸੀ। ਉਸ ਉਜਾੜੇ ਦੀ ਸੱਠ ਸਾਲ ਬਾਅਦ ਲਿਖੀ ਕਿਤਾਬ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਇਹਨੂੰ ਪੋਠੋਹਾਰ ਰਾਵਲਪਿੰਡੀ ਤੇ ਆਪਣੇ ਪਿੰਡ ਦੇ ਦਾ ਨਿੱਕਾ-ਨਿੱਕਾ ਕਿੰਨਾ ਕੁਝ ਚੇਤੇ ਹੈ। ਸ਼ਾਇਦ ਇਹ ਇਸ ਕਰਕੇ ਹੋਵੇ ਕਿ ਬਾਲਮਨ 'ਤੇ ਪਈਆਂ ਵਲੂੰਧਰਾਂ ਕਦੇ ਵੀ ਨਹੀਂ ਮਿਟਦੀਆਂ।

ਕਿਤਾਬ ਲੇਖਕ ਦੇ ਘਰ ਵਿਚ ਖੜ੍ਹੇ ਸੰਤਾਲੀ ਤੋਂ ਪਹਿਲਾਂ ਦੇ 'ਪੁਰਾਣੇ ਸਾਈਕਲ' (ਇਤਿਹਾਸ ਦਾ ਵਾਹਨ) ਦੇ ਸਿਨੇਮੈਟਿਕ ਬਿੰਬ ਨਾਲ ਸ਼ੁਰੂ ਹੁੰਦੀ ਹੈ। ਕਿਤਾਬ ਵਿਚ ਸਾਈਕਲ ਵਾਰ-ਵਾਰ ਦਿਸਦਾ ਹੈ। ਇਹਦੇ ਪਿਤਾ ਜੀ ਦੇ ਪੰਦਰਾਂ ਰੁਪਏ ਚ ਮਹਿੰਗੇ ਭਾਅ ਖਰੀਦੇ ਸਾਈਕਲ ਨੂੰ ਲੇਖਕ ਦੇ ਬਚਪਨ ਦੇ ਹਾਣੀ 'ਕਲਾ ਦਾ ਘੋੜਾ' ਆਖਦੇ ਹੁੰਦੇ ਸੀ; ਇਹਦੇ ਹੂਟੇ ਇਹਨੂੰ 'ਸੱਤ ਬਹਿਸ਼ਤਾਂ ਤੋਂ ਵੱਧ ਪਿਆਰੇ' ਲਗਦੇ ਸਨ।

ਸੰਤਾਲੀ ਵਿਚ ਜਦ ਇਹ ਆਪਣਾ ਘਰ ਛੱਡ ਕੇ ਤੁਰੇ, ਤਾਂ ਸਾਈਕਲ ਇਨ੍ਹਾਂ ਦੇ ਨਾਲ ਸੀ। ਜਦ ਡਿਗਦੇ-ਢਹਿੰਦੇ ਅੰਮ੍ਰਿਤਸਰੋਂ ਜਲੰਧਰ ਰੇਲ ਗੱਡੀ ਚ ਬੈਠੇ, ਤਾਂ ਵੀ ਸਾਈਕਲ ਨਾਲ ਸੀ। ਸਤ ਸਾਲਾਂ ਮਗਰੋਂ ਜਗਦੀਸ਼ ਸਿੰਘ ਘਰੋਂ ਕਾਲਜ ਨੂੰ ਇਸ ਸਾਈਕਲ 'ਤੇ ਚੜ੍ਹ ਕੇ ਪੜ੍ਹਨ ਜਾਂਦਾ ਸੀ। ਹੁਣ ਇਹ ਸਾਈਕਲ ਇਨ੍ਹਾਂ ਕੋਲ ਨਹੀਂ-ਇਹ ਜਾਣ ਕੇ ਮੈਨੂੰ ਸਦਮਾ ਲੱਗਾ। ਐਨਾ ਪੁਰਾਣਾ ਸੰਦ ਇਨ੍ਹਾਂ ਕਬਾੜੀਏ ਨੂੰ ਵੇਚ ਦਿੱਤਾ ਹੋਣੈ। ਉਹ ਤਾਂ ਇਨ੍ਹਾਂ ਦਾ ਘਰ ਜੀਅ ਸੀ। ਅਚੇਤ ਹੀ ਸਾਈਕਲ ਮਰੀਆਂ ਯਾਦਾਂ (ਸਿਮਰਤੀ ਸ਼ਬਦ ਦਾ ਧਾਤੂ ਮਿਰਤੂ ਹੀ ਹੈ) ਅਤੇ ਖੁੱਸ ਗਈਆਂ ਸ਼ੈਆਂ ਦਾ ਪ੍ਰਤੀਕ ਬਣ ਗਿਆ।

ਸੰਤਾਲੀ ਤੋਂ ਪਹਿਲਾਂ ਸੁਖੀ ਵਸਦੇ ਭਾਈਚਾਰੇ, ਸਿਆਲਕੋਟ ਦੀ ਨਾਮਧਾਰੀ ਸੰਗਤ ਅਤੇ ਪੇਂਡੂ ਸਮਾਜ ਦੀ ਮਨ ਨੂੰ ਟੁੰਬਣ ਵਾਲੀ ਤਸਵੀਰਕਸ਼ੀ ਦੇ ਸਾਰੇ ਹਵਾਲੇ ਦੇਣੇ ਔਖੇ ਹਨ। ਇਸ ਬਾਰੇ ਮੇਰਾ ਦੱਸੇ ਨਾਲੋਂ ਪਾਠਕ ਨੂੰ ਕਿਤਾਬ ਆਪ ਹੀ ਪੜ੍ਹ ਲੈਣੀ ਚਾਹੀਦੀ ਹੈ।

ਸਿਆਲਕੋਟੋਂ ਤੁਰੇ 'ਸਭ ਤੋਂ ਪਹਿਲੇ ਤੇ ਸਭ ਤੋਂ ਵੱਡੇ ਕਾਫ਼ਲੇ' ਨਾਲ-ਨਾਲ ਚਲਦਿਆਂ ਜਗਦੀਸ਼ ਸਿੰਘ ਵਰਿਆਮ ਦੀ ਸਹਿਜ ਵਿਥਿਆ ਮੈਂ ਸਾਹ ਰੋਕ ਕੇ ਅਤੇ ਅੱਖਾਂ ਭਰ ਕੇ ਪੜ੍ਹੀ ਹੈ। ਖਿੱਲਰੇ ਪੱਤਰੇ ਵਿਚ ਵੱਡੇ ਨਾਵਲ ਦੇ ਬੀਜ ਖਿੱਲਰੇ ਹੋਏ ਹਨ। ਮੈਂ ਆਪ ਗਲਪ ਯਾਨੀ ਨਾਵਲ ਦਾ ਪਾਠਕ ਨਹੀਂ। ਪਰ ਇਹ ਵਾਰਤਾ ਨਾਵਲ ਬਣਨੀ ਚਾਹੀਦੀ ਸੀ। ਸੰਤਾਲੀ ਬਾਰੇ ਚੰਗੇ ਨਾਵਲ ਸਾਡੇ ਕੋਲ ਗਿਣਤੀ ਦੇ ਹੀ ਹਨ।

ਸ਼ਾਸਤਰੀ ਸੰਗੀਤ ਨਾਮਧਾਰੀਆਂ ਦਾ ਇਸ਼ਟ ਹੈ। ਸੰਗੀਤ ਕਰਕੇ ਵੀ ਕੂਕੇ ਭਾਈ ਮਿੱਠਬੋਲੜੇ ਹਨ। ਇਹ ਵਡਿਆਈ ਜਗਦੀਸ਼ ਸਿੰਘ ਵਰਿਆਮ ਦੀ ਪਾਈ ਇਸ ਬਾਤ ਵਿਚ ਵੀ ਹੈ।

ਵਾਕ ਸੰਜਮਤਾ ਦੇ ਹਾਸਿਲ ਫਿਕਰੇ-

ਪਰ ਅੱਜ ਦਾ ਦਿਨ ਅਸਲੋਂ ਹੋਰ ਸੀ। ਸਾਰਿਆਂ ਦੇ ਦਿਲ ਦਹਿਲੇ ਪਏ ਸਨ। ਲੋਕ ਕੋਠਿਆਂ 'ਤੇ ਚੜ੍ਹ ਕੇ ਵੇਖ ਰਹੇ ਸਨ। ਸਾਹਮਣੇ ਪਿੰਡ ਧੁੰਧ ਤੋਂ ਏਡਾ ਵੱਡਾ ਧੂੰਏਂ ਦਾ ਪਹਾੜ ਬਣਿਆ ਸੀ ਕਿ ਉਹ ਜ਼ਮੀਨ ਤੋਂ ਲੈ ਕੇ ਰੱਬ ਤਕ ਪਸਰਿਆ ਹੋਇਆ ਸੀ। (ਸਫ਼ਾ ੫੨)

ਕੁਝ ਮਹੀਨੇ ਪਹਿਲਾਂ ਜਿਥੇ ਸੰਤ ਅਤਰ ਸਿੰਘ ਦੇ ਦੀਵਾਨ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ, ਉਹ ਮੈਦਾਨ ਭਾਂ-ਭਾਂ ਕਰ ਰਿਹਾ ਸੀ ਅਤੇ ਕਿਤੇ-ਕਿਤੇ ਕੁੱਤਿਆਂ ਦੀ ਡਰਾਉਣੀ ਹੂੰਗਰ ਆ ਰਹੀ ਸੀ। ਉਹ ਭੌਂਕਦੇ ਨਹੀਂ ਸਨ; ਬਸ ਰੋ ਰਹੇ ਸਨ। (ਸਫ਼ਾ ੫੪)

ਹਰ ਪੰਜਾਬੀ ਲਿਖਾਰੀ ਦਾ ਅੰਗਰੇਜ਼ੀ ਆਰਟੀਕਲ "ਇਕ" ਦੇ ਕੋਕੜੂਆਂ ਬਿਨਾਂ ਸਰਦਾ ਨਹੀਂ ਅਤੇ ਮੈਂ ਤੋਂ ਬੋਲੀ ਦਾ ਹੁੰਦਾ ਇਹ ਨਾਸ ਜਰਿਆ ਨਹੀਂ ਜਾਂਦਾ। ਵੰਨਗੀ-ਚੌਕ ਵਿਚ ਇੱਕ ਟਰੈਫ਼ਿਕ ਵਾਲਾ ਸਿਪਾਹੀ ਖੜ੍ਹਾ ਸੀ। ... ਭੈਣੀ ਸਾਹਿਬ ਪੁੱਜ ਕੇ ਇੱਕ ਕਾਗਜ਼ ਉੱਤੇ ਨੰਬਰ ਪੈੱਨ ਨਾਲ ਲਿਖਿਆ...ਭੈਣੀ ਸਾਹਿਬ ਇੱਕ ਤੰਬੂਆਂ ਦਾ ਨਗਰ ਬਣਿਆ ਹੋਇਆ ਸੀ। ਸਾਨੂੰ ਇੱਕ ਵੱਡਾ ਤੰਬੂ ਮਿਲ ਗਿਆ।... ਮੋਟਰ ਬੈਟਰੀ ਨਾਲ ਇੱਕ ਨਿਕਚੂ ਬਲਬ ਜਗਾ ਲਿਆ। (ਸਫ਼ਾ ੧੧੬).

## ਦਲਬੀਰ ਸਿੰਘ

ਦੁਖੀ ਹਿਰਦੇ ਨਾਲ ਲਿਖ ਰਿਹਾ ਹਾਂ। ਮੈਂ ਭਾਵੇਂ ਉਸਨੂੰ ਵੇਖਿਅ ਨਹੀਂ ਪਰ ਜਾਣਿਆਂ ਹੈ। ਕਦੀ ਆਖਰੀ ਕਾਲਮ ਕਦੀ ਅੱਠਵੇਂ ਕਾਲਮ, ਤੇ ਹੁਣ 'ਜਗਤ ਤਮਾਸ਼ਾ' ਵਿਚੋ ਛੱਡ ਕੇ ਜਾਣ ਵਾਲੇ ਦਲਬੀਰ ਦਾ ਜਾਣਾ ਦਿਲ ਨੂੰ ਹਿਲਾ ਕੇ ਰੱਖ ਗਿਐ।

ਮੈਂ ਰੋਜ਼ਾਨਾ ਪੰਜਾਬੀ ਟ੍ਰਿਬਿਊਨ ਦਾ ਗਾਹਕ ਹੀ ਏਸੇ ਕਰਕੇ ਬਣਿਆ ਕਿ ਵਧੀਆ ਲਿਖਤ ਪੜ੍ਹ ਕੇ ਅਨੰਦ ਮਾਣਿਆ ਕਰਾਂਗਾ। ਇਸ ਤਰ੍ਹਾਂ, ਦੇ ਬੰਦੇ, ਏਨਾ ਕੁ ਚਿਰ ਕਿਓਂ ਜਿਉਂਦੇ ਨੇ ਮੈਨੂੰ ਉਹਦੀ ਉਮਰ ਦਾ ਪਤਾ ਨਹੀਂ ਪਰ ਲਗਦੈ ਉਸਨੂੰ ਤਾਰਾ ਬਨਣ ਦੀ ਕਾਹਲ ਨੇ ਇੰਜ ਕਰਨ ਤੇ ਮਜਬੂਰ ਕਰ ਦਿੱਤਾ ਏ।

ਹੱਛਾ ਭਰਿਆ 'ਜਗਤ ਤਮਾਸ਼ਾ' ਵਿੱਚ ਛੱਡ ਕੇ ਜਾਣ ਵਾਲਿਆ, ਤੇਰੀ ਮਰਜ਼ੀ

*—ਸਾਧੂ ਸਿੰਘ ਸਿੰਘ ਕਿਸਾਨ*
*ਬੁਢੀਮਾੜੀ* (ਸਹਸਾ)



Namdhari Elibrary NamdhariElibrary@gmail.com

# ਪ੍ਰਤੀਕਿਰਿਆ

*ਜੁਲਾਈ ੨੦੦੭ ਅੰਕ ਦੇ ਪੰਨਾ ੪੪-੪੫ ਤੇ ਛੱਪੀ ਜਨਾਬ ਮਲਿਕ ਮੁਹੰਮਦ ਨਈਮ ਅਵਾਨ ਦੀ ਚਿੱਠੀ ਦੇ ਉਪਰ ਉਰਦੂ ਅਖਰਾਂ ਵਿਚ ਲਿਖਿਆ ਸੀ "ਬਰਕਤਿ ਤਿਨ ਕਉ ਅਗਲੀ ਪੜਦੇ ਰਹਿਣ ਦਰੂਦ"।*

*ਇਸ ਸੰਬੰਧ ਵਿਚ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਜੀ ਦੀ ਚਿਠੀ ਆਈ ਸੀ ਕਿ ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ। ਇਹ ਚਿੱਠੀ ਵਰਿਆਮ ਅਗਸਤ ੨੦੦੪ ਦੇ ਪੰਨਾ ੪੫ ਤੇ ਛੱਪੀ ਹੈ। ਸਾਡਾ ਧਿਆਨ ਪ੍ਰਸਿਧ ਵਿਦਵਾਨ ਡਾ. ਰਤਨ ਸਿੰਘ ਜੱਗੀ ਹੋਰਾਂ ਟੈਲੀਫੋਨ ਰਾਹੀਂ ਦਵਾਇਆ ਹੈ ਕਿ ਇਹ ਤੁੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਅਤੇ ਸਿਰੀ ਰਾਗ ਮਹੱਲਾ ੧ ਦੀਆਂ ਅਸ਼ਟਪਦੀਆਂ ਵਿਚ ਪੰਨਾ ੫੩ ਤੇ ਦਰਜ ਹੈ। ਕੁਝ ਹੋਰ ਫੋਨ ਵੀ ਆਏ ਹਨ।*

*ਅਸੀਂ ਇਸ ਪੰਨੇ ਤੇ ਬਾਹਰਵੀਂ ਸਤਰ ਤੇ ਇਸ ਤੁੱਕ ਨੂੰ ਲਿਖਿਆ ਠੀਕ ਵੇਖਿਆ ਹੈ। ਇਸ ਦੇ ਪੂਰੇ ਅਖਰ ਜੋੜ ਇਵੇਂ ਹਨ, "ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ"*

*ਇਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਹੋਰਾਂ ਵਾਲੇ ਮਹਾਨ ਕੋਸ਼ ਦੇ ਪੰਨਾ ੬੨੪ ਉਤੇ ਵੀ ਹੈ। ਦਰੂਦ ਦਾ ਅਰਥ ਉਹਨਾਂ ਦੁਆ, ਬੇਨਤੀ ਕੀਤਾ ਹੈ।*

*ਅਕਾਲੀ ਕੌਰ ਸਿੰਘ ਕ੍ਰਿਤ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ ੧੯੮੬ ਵਿਚ ਪ੍ਰਕਾਸ਼ਤ ਗੁਰੂ ਸ਼ਬਦ ਰਤਨ ਪ੍ਰਕਾਸ਼ (ਤੁੱਕ ਤਤਕਰਾ) ਤੀਜੀ ਐਡੀਸ਼ਨ ਦੇ ਪੰਨਾ ੫੧੩ ਤੇ ਇਸ ਤੁਕ ਦਾ ਅੰਦਰਾਜ ਹੈ ਪਰ ਗਲਤੀ ਨਾਲ ਸ੍ਰੀ ਗ੍ਰੰਥ ਸਾਹਿਬ ਦਾ ਪੰਨਾ ੫੭੩ ਛੱਪਿਆ ਹੈ ਤੇ ਲਾਈਨ ੧੩ ਹੈ ਜਦ ਕਿ ਅਸਲ ਵਿਚ ਇਹ ਤੁੱਕ ਪੰਨਾ ੫੩ ਉਤੇ ੧੨ਵੀਂ ਸਤਰ ਹੈ।*

*ਭੁੱਲ ਚੁਕ ਦੀ ਖਿਮਾ ਯਾਚਨਾ ਹੈ।*

*ਅਤੇ ਵਿਦਵਾਨਾਂ ਵੱਲੋਂ ਵਰਿਆਮ ਵਿਚ ਛਪੀ ਲਿਖਤ ਵਿਚ ਡੂੰਘੀ ਦਿਲਚਸਪੀ ਲੈਣ ਲਈ ਧੰਨਵਾਦ ਵੀ ਹੈ।*

*—ਸੰਪਾਦਕ ਵਰਿਆਮ*

بسم اللہ الرحمٰن الرحیم

ਪਾਕਿਸਤਾਨ
08.08.2007

★

**ਪਰਮ ਸਤਿਕਾਰ ਯੋਗ ਬਜ਼ੁਰਗ ਸ੍ਰੀ ਜਗਦੀਸ਼ ਸਿੰਘ 'ਵਰਿਆਮ' ਜੀਓ !**

ਆਦਾਬ ਅਰਜ਼ ! ਆਪ ਜੀ ਦੇ ਭਰਵੇਂ ਸਹਿਯੋਗ ਅਤੇ ਨਿਸ਼ਕਪਟ ਸਨੇਹ ਦੇ ਫਲਸਰੂਪ 'ਵਰਿਆਮ' ਨਿਰਵਿਘਨ ਦਾਸ ਤੀਕਰ ਪਹੁੰਚ ਰਿਹਾ ਹੈ। ਇਸ ਅਤਿ ਮਹੱਤਵਪੂਰਣ ਰਸਾਲੇ ਦੁਆਰਾ ਵਿਸੇਸ਼ ਸਿੱਖਿਆ ਗ੍ਰਹਿਣ ਕਰਨਾ ਬਹੁਤ ਚੰਗਾ ਲੱਗਦਾ ਹੈ। ਆਪ ਜੀ ਡਾਕ ਖਰਚ ਆਦਿ ਸਹਿਣ ਕਰਕੇ ਇਸ ਦੀ ਪਹੁੰਚ ਨਿਸਚਿਤ ਬਣਾਉਂਦੇ ਹੋ। ਮੈਨੂੰ ਖੇਦ ਹੈ ਕਿ ਲੋੜੀਂਦੀ ਚੰਦਾ ਰਾਸ਼ੀ ਮੇਰੇ ਵਲੋਂ ਅਦਾ ਨਹੀਂ ਕੀਤਾ ਜਾ ਸਕੀ। ਮੈਂ ਸੰਭਵਤਾ ਨਿਯਤ ਰਾਸ਼ੀ ਆਪ ਜੀ ਨੂੰ ਘੱਲਣਾ ਚਾਹੁੰਦਾ ਹਾਂ। ਮੇਰੀ ਤੀਬਰ ਤਾਂਗ ਹੈ ਕਿ ਹਿੰਦੋਸਤਾਨ ਦਾ ਪ੍ਰਯਟਨ ਕਰਾਂ, ਪਵਿੱਤਰ ਧਾਰਮਿਕ ਅਸਥਲਾਂ, ਇਤਿਹਾਸਕ ਪਿੰਡਾਂ ਕਸਬਿਆਂ ਆਦਿ ਨੂੰ ਨੇੜੇ ਤੋਂ ਵੇਖਾਂ, ਪਰਮ ਸਨੇਹੀ ਪਿਆਰੇ ਇਨਸਾਨਾਂ ਨੂੰ ਮਿਲਾਂ, ਆਪਣੀ ਪਸੰਦ ਦੀਆਂ ਸੁੰਦਰ ਪੁਸਤਕਾਂ ਖਰੀਦਾਂ ਤੇ ਅਮਿੱਟ ਯਾਦਾਂ ਲੈ ਕੇ ਪਾਕਿਸਤਾਨ ਪਰਤ ਆਵਾਂ ਜੀ। ਅਜੇਹਾ ਸਭ ਕੁਝ ਰਜ਼ਾਇ ਇਲਾਹੀ ਤੇ ਨਿਰਭਰ ਹੈ।

ਅਗਸਤ ਅੰਕ ਵਿਚ ਮੇਰੇ ਪਿਛਲੇ 'ਖ਼ਾਇਆ ਸ਼ੁਦਾ' ਖ਼ਤ ਸੰਬੰਧੀ ਪਟਿਆਲਾ ਨਿਵਾਸੀ ਸੁਹਿਰਦ ਸੱਜਣ ਪ੍ਰੋ. ਪ੍ਰੀਤਮ ਸਿੰਘ ਜੀ ਦੀ ਅਹਿਮ ਟਿਪਣੀ/ਡੂੰਘੀ ਪ੍ਰਤੀਕ੍ਰਿਆ ਛਪੀ ਹੈ। ਉਹਨਾਂ ਦਾਸਨ ਦਾਸ ਦੁਆਰਾ ਉਰਦੂ ਲਿਖਾਵਟ ਵਿਚ ਨਿਮਨ ਲਿਖਿਤ ਪੰਕਤੀ ਤੇ ਕਿੰਤੂ-ਪ੍ਰੰਤੂ ਕੀਤਾ ਹੈ:,

برکت تن کو اگلی پڑھدے رہن درود ۔ (عادِ گرنتھ)

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ। (ਆਦਿ ਗ੍ਰੰਥ)

NONAGENARIAN ਭਾਵ ੯੦ ਵ੍ਰਸ਼ ਆਯੂ ਸੀਮਾ ਨੂੰ ਛੂ ਰਹੇ ਬਜ਼ੁਰਗ ਲੇਖਕ ਆਦਰਣੀਯ ਸਰਦਾਰ ਪ੍ਰੀਤਮ ਸਿੰਘ ਜੀ ਭਾਰਤੀ ਪੰਜਾਬ ਦੇ ਉੱਘੇ ਸਾਹਿਤਕਾਰ, ਨਾਮਵਰ ਬੁੱਧੀਜੀਵੀ, ਸੁਪ੍ਰਸਿੱਧ ਕਲਮਕਾਰ ਅਤੇ ਮਸ਼ਹੂਰ ਖੋਜਕਾਰ ਹਨ। ਅਨੇਕਾਂ



Namdhari Elibrary NamdhariElibrary@gmail.com

ਪੁਸਤਕਾਂ ਦੇ ਰਚੇਤਾ ਪ੍ਰੋ. ਪ੍ਰੀਤਮ ਸਿੰਘ ਜੀ G.N.U. ਅੰਮ੍ਰਿਤਸਰ ਵਿਖੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ। ਜੱਦੀ ਪੁਸ਼ਤੀ ਸਿੱਖ ਹੋਣ ਦੇ ਨਾਤੇ ਸਿੱਖੀ ਉਨ੍ਹਾਂ ਦੀ ਘੁੱਟੀ 'ਚ ਰਚੀ-ਬਸੀ ਹੋਈ ਹੈ। ਸਾਡੇ ਨਾਲ ਦੇ ਪਿੰਡ ਫੱਤੇਵਾਲੀ ਦੇ ਜਨਮੇ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਪ੍ਰੋ. ਸਾਹਿਬ ਸਿੰਘ ਡੀ ਲਿਟ (੧੮੯੨-੧੯੭੭) ਦੇ ਦਾਮਾਦ ਪ੍ਰੋ. ਪ੍ਰੀਤਮ ਸਿੰਘ ਗੁਰਮਤਿ ਅਤੇ ਗੁਰਬਾਣੀ ਬਾਬਤ ਪੂਰੀ ਵਾਕਫ਼ੀ ਅਤੇ ਭਰਵੀਂ ਸੋਝੀ ਦੇ ਧਾਰਨੀ ਹਨ। ਦਾਸ ਦੁਆਰਾ ਦਰਜ ਉਪਰੋਕਤ ਤੁਕ ਬਾਰੇ ਲਿਖਦੇ ਹਨ:

"ਮੈਂ ਆਪਣੇ ਪਾਕਿਸਤਾਨੀ ਦੋਸਤ ਜਨਾਬ ਮਲਿਕ ਮੁਹੰਮਦ ਨਾਈਮ ਆਵਾਨ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਉਨ੍ਹਾਂ ਨੇ ਆਪਣੇ ਪਤਰ ਦੇ ਸਿਰ ਉੱਤੇ ਜਿਹੜੀ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਈ ਦੱਸੀ ਹੈ (ਬਰਕਤ ਤਿਨ ਕੋ ਅਗਲੀ ਪੜ੍ਹਦੇ ਰਹਿਣ ਦਰੂਦ) ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ। ਆਸ ਹੈ ਉਹ ਆਪਣੇ ਛਪਾਏ ਹੋਏ ਖ਼ਾਲੀ ਪੱਤਰਾਂ ਵਿਚੋਂ ਇਹ ਤੁਕ ਕੱਟ ਦੇਣਗੇ।"

ਉਪਰੋਕਤ ਤਹਿਰੀਰ ਪ੍ਰਤੀ ਦਾਸਨ ਦਾਸ ਦਾ ਦ੍ਰਿਸ਼ਟੀਕੋਣ ਅਥਵਾ ਸਪੱਸ਼ਟੀਕਰਣ ਇਸ ਪ੍ਰਕਾਰ ਹੈ:

ਆਪਣੇ ਹਰੇਕ ਪੱਤਰ ਤੇ ਕੁਰਆਨ ਮਜੀਦ, ਇੰਜੀਲ ਸ਼ਰੀਫ਼, ਜ਼ਬੂਰ ਮੁਕੱਦਸ, ਪਵਿੱਤ੍ਰ ਵੇਦ ਸ਼ਾਸਤ੍ਰ, ਗੁਰਬਾਣੀ ਆਦਿ ਦੇ ਪਾਵਨ ਵਚਨ ਬਰਕਤ ਵਾਸਤੇ ਅੰਕਿਤ ਕਰਦਾ ਹਾਂ। ਮੇਰਾ ਪਿਛੋਕੜ ਅਰਬੀ ਕਬੀਲੇ ਦਾ ਹੈ ਜਿਸ ਦੇ ANCESTOR ਹਜ਼ਰਤ ਅਲੀ ਕਰਮੱਲ੍ਹਾਹੁ ਵਝਹੁ ਹਨ। ਅਰਬਸਤਾਨ ਵਿਚ ਅਲਵੀ, ਮੱਧ ਏਸ਼ੀਆ ਅਤੇ ਰੂਸ ਵਿਚ 'ਅਈਵਾਨੋਫ਼', ਤੁਰਕੀ ਵਿਚ 'ਐਲੋਵਾਈਤ' ਅਫ਼ਗਾਨਸਤਾਨ ਅਤੇ ਹਿੰਦ-ਸਿੰਧ ਵਿਚ ਆਵਾਨ ਜਾਂ ਆਵਾਣ ਵਜੋਂ ਮਸ਼ਹੂਰ ਸਾਡੇ ਜੰਗਜੂ ਕਬੀਲੇ ਦਾ ਗੁਰਬਾਣੀ, ਗੁਰਮਤਿ, ਗੁਰਸਿੱਖੀ ਅਤੇ ਗੁਰਮੁਖੀ ਆਦਿ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ। ਸਾਡੇ ਪੁਰਖਿਆਂ ਦੇ ਜਲੰਧਰ-ਹੁਸ਼ਿਆਰਪੁਰ ਵਿਖੇ ੧੦੦ ਦੇ ਲਗਭਗ ਪਿੰਡ ਸਨ ਪਰ ਉਹਨਾਂ ਦੀ ਸਿੱਖਾਂ ਨਾਲ ਕਿਸੇ ਖ਼ਾਸ ਸਾਂਝ ਦਾ ਪਤਾ ਇਤਿਹਾਸਕ ਤੌਰ ਤੇ ਨਹੀਂ ਲੱਗਦਾ। ਮੇਰੇ ਪੜਦਾਦਾ ਨੂਰਦੀਨ ਨੰਬਰਦਾਰ (ਮ੍ਰਿਤਯੂ ੧੯੫੯), ਦਾਦਾ ਹਾਜੀ ਫ਼ਜ਼ਲ ਅਹਮਦ (ਮ੍ਰਿਤਯੂ ੧੯੮੬) ਪਿੰਡ ਸਿੰਘੋਵਾਲ ਨੇੜੇ ਮੁਕੇਰੀਆਂ ਦੇ ਜੰਮ-ਪਲ ਸਨ। ਮੇਰੇ ਵਾਲਿਦ ਗ਼ੱਫ਼ਾਰ ਅਹਮਦ (ਜਨਮ ੧੯੫੪) ਅਤੇ ਦਾਸ ਮੁਹੰਮਦ ਨਈਮ (ਜਨਮ ੧੯੮੨) ਏਧਰ ਦੀ ਪੈਦਾਇਸ਼ ਹਾਂ। ਸਾਡਾ ਘਰਾਣਾ ਇਸਲਾਮੀ ਸ਼ਰਾਅ ਦਾ ਪਾਬੰਦ ਹੈ। ਨਕਸ਼ਬੰਦੀ ਸੂਫ਼ੀ ਪ੍ਰਣਾਲੀ ਨਾਲ ਅਧਿਆਤਮਿਕ ਜੁੜਤ ਦਾ ਧਾਰਨੀ ਮੁਸਲਮਾਨ ਘਰਾਣਾ ਕਿਸੇ ਬੱਚੇ ਨੂੰ ਸਿੱਖਾਂ ਦੀ ਪਾਵਨ ਪੁਸਤਕ ਛੂਣ ਦੀ ਕਦੇ ਆਗਿਆ ਨਹੀਂ ਦੇਂਦਾ ਸੀ। ਤੁਕ ਕਿਸ ਵੇਖਣ ਦੇਣੀ ਸੀ ਮੈਨੂੰ ਜਨਾਬ ? ਏਧਰ ਸਿੱਖ ਹੈ ਕੋਈ ਨਹੀਂ ਨੇੜੇ ਤੇੜੇ ਜੇ ਹੁੰਦਾ ਵੀ ਤੇ 'ਹਾਜ਼ਰਾ ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ' ਪੜ੍ਹਨ ਦੀ ਵਾਕ ਲੈਣ ਦੀ ਕਿਸ ਖੁੱਲ੍ਹ ਦੇਣੀ ਸੀ ਵਿਚਾਰੇ ਨਈਮ ਨੂੰ ? ਸੋ ਖ਼ਤ ਦੀ ਪੇਸ਼ਾਨੀ ਤੇ ਤਹਿਰੀਰ ਗੁਰੂਵਾਕ ਸਿੱਧੇ ਤੌਰ ਤੇ ਸ੍ਰੀ ਬੀੜ ਸਾਹਿਬ ਚੋਂ ਨਹੀਂ ਸੀ ਲਿਆ ਜਾ ਸਕਿਆ ਜੀ ਪ੍ਰੰਤੂ ਫਿਰ ਵੀ ਜਤਨ ਕੀਤਾ ਹੈ ਇਸ ਦਾ ਹਵਾਲਾ ਲੱਭਣ ਦਾ ਯਥਾ:

(੧) ਪ੍ਰੋ. ਪ੍ਰੀਤਮ ਸਿੰਘ ਜੀ ਦੇ ਸ਼ਹਿਰ ਪਟਿਆਲਾ ਤੋਂ ੧੯੯੯ ਵਿਚ (੩੦੦ ਸਾਲਾ ਖ਼ਾਲਸਾ ਸਾਜਨਾ ਅਵਸਰ ਤੇ ਛੇਵੀਂ ਵੇਰ) ਛਪੀ 'ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਦੇ ਕੁਲ ੧੨੪੭ ਪੰਨ ਹਨ। ਪੰਨਾ ੮੪੦ ਤੇ ਲਿਖਿਆ ਮਿਲਦਾ ਹੈ "ਬਰਕਤਿ ਤਿਨ ਕਉ ਅਗਲੀ" (ਸ੍ਰੀ ਅ; ਮ.੧) ਪੰਨਾ ੬੨੪ ਤੇ ਵੇਖੋ "ਪੜਦੇ ਰਹਨਿ ਦਰੂਦ" (ਸ੍ਰੀ ਅ: ਮ.੧)

(੨) ਡਾ. ਸ੍ਰੀਮਤੀ ਜਗਦੀਸ਼ ਕੌਰ ਵਾਡੀਆ Ph.D. ਹੋਰਾਂ ੨੦੦੧ ਵਿਚ ਪਾਕਿਸਤਾਨ ਫ਼ੇਰੀ ਸਮੇਂ ਸਾਡੇ ਪਾਸ ਕਿਆਮ ਕੀਤਾ ਸੀ। ਉਹਨਾਂ ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਰਦੂ ਲਿੱਪੀ ਵਿਚ ਛਪੀ ਵੱਡ ਆਕਾਰੀ ਪੁਸਤਕ 'ਕਲਾਮਿ ਨਾਨਕ ਬਮਆ ਫਰਹੰਗ' ਦਾਸ ਨੂੰ ਬਖ਼ਸ਼ੀਸ਼ ਕੀਤੀ ਸੀ। ਇਸ ਪੁਸਤਕ ਦੇ ਸੰਪਾਦਕ ਡਾ. ਜੀਤ ਸਿੰਘ 'ਜੀਤਲ' Ph.D. ਹਨ। ਸੰਨ ੧੯੭੧ ਵਿਚ ਪ੍ਰਕਾਸ਼ਤ ਇਸ ਪੁਸਤਕ ਦੇ ੯੯੪ ਸਫ਼ੇ ਹਨ। ਉਸ ਦੇ ਪੰਨਾ ੧੪੭ ਤੇ ਇਹ ਤੁਕ ਸਪੱਸ਼ਟ ਲਿਖੀ ਹੋਈ ਹੈ '੧ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗ ਮਹਲਾ ੧ਘਰ੧ ਇਸਟਪਦੀਆ ਸਿਰਨਾਵੇਂ ਹੇਠ

بَرکت تِن کَو اگلی پڑھدے رہن درُود - (عادِ گرنتھ)

ACADEMY OF GURU GRANTH STUDIES, ARLINGTON (TEXAS) U.S.A. ਦੇ TRUSTEE ਡਾ. ਹਰਬੰਸ ਲਾਲ Ph.D.D.Litt. ਹੁਰਾਂ ਗੁਰੂਧਾਮਾਂ ਦੇ ਦਰਸ਼ਨਾਂ ਹੇਤੂ ੨੦੦੦ ਵਿਚ ਪਾਕਿਸਤਾਨ ਦਾ ਦੌਰਾ ਕੀਤਾ ਸੀ। ਕਰਤਾਰਪੁਰ ਦਰਬਾਰ ਸਾਹਿਬ (ਨਾਰੋਵਾਲ) ਤੋ ਵਾਪਸੀ ਤੇ ਬੱਸ ਅੱਡੇ ਤੇ ਉਹਨਾਂ ਨਾਲ ਅਚਾਨਕ ਮੁਲਾਕਾਤ ਹੋ ਗਈ ਸੀ। ਤਦੋਂ



Namdhari Elibrary NamdhariElibrary@gmail.com

ਮੈਂ ਥਰਡ ਯੀਅਰ (B.A.) ਦਾ ਸਟੂਡੈਂਟ ਸਾਂ। ਡਾ. ਸਾਹਿਬ ਮੇਰੀ ਵਚਨ ਬਿਲਾਸ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ U.S.A. ਤੋਂ ਮੈਨੂੰ ਅੰਗ੍ਰੇਜ਼ੀ ਅਤੇ ਗੁਰਮੁਖੀ ਵਿਚ ਚਿੱਠੀ ਲਿਖੀ। ਹੋਰਨਾਂ ਗੱਲਾਂ ਤੋਂ ਅੱਡ ਉਹਨਾਂ ਗੁਰਬਾਣੀ ਦੀਆਂ ਕੁਝ ਪੰਕਤੀਆਂ ਵੀ ਕੰਪੀਊਟ੍ਰੀਕਰਣ ਕਰਕੇ ਭੇਜੀਆਂ ਸਨ। ਸਬੰਧੀਂ ਉਹਨਾਂ ਵਿਚ ਵੀ ਇਸ ਪੰਕਤੀ ਦਾ ਅਸਤਿਤਵ ਹੈ। ਪੰਨਾ ੫੩ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਵਾਲਾ ਦਿੱਤਾ ਹੋਇਆ ਹੈ।

ਬਾਬਾ ਅਲਹੁ ਅਗਮ ਅਪਾਰੁ ॥
ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥
ਤੇਰਾ ਹੁਕਮੁ ਨਾ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥
ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਆਖਹਿ ਸੋਇ ॥ ੨ ॥
ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥
ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥
ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥ ੩ ॥

ਪ੍ਰੋ. ਪ੍ਰੀਤਮ ਸਿੰਘ ਜੀ ਅਗੇ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਉਹ ਦੁਬਾਰਾ ਝਾਤੀ ਮਾਰ ਲੈਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੇ।

ਧੰਨਵਾਦੀ

ਮਲਿਕ ਮੁਹੰਮਦ ਨਈਮ ਆਵਾਨ

ਅਗਸਤ ਅੰਕ ਪੜ੍ਹਿਆ, ਵਰਿਆਮ ਦਾ। ਹਰ ਪੜਾਅ ਵਾਂਗ ਇਹ ਪੜਾਅ ਵੀ ਚੰਗਾ ਲਗਾ।

ਖਾਸ ਧਿਆਨ ਉਸ ਗੱਲ ਵਲ ਗਿਆ ਜਿਸ ਵਿਚ ਸਾਜ਼ ਸਾਰੰਗੀ ਦਾ ਜ਼ਿਕਰ ਹੈ। ਗੁਰਬਾਣੀ ਗਾਇਣ ਵਿਚ ਇਸ ਸਾਜ਼ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਕਿਉਂਕਿ ਇਹਦੀ ਸਾਂਝ 'ਤਵਾਇਫ' (ਕੋਠੇ ਵਾਲੀ) ਨਾਲ ਰਹੀ ਹੈ।

ਨਾਮਧਾਰੀ ਸੰਪਰਦਾ ਇਸ ਗੱਲ ਨੂੰ ਮਹੱਤਵ ਨਹੀਂ ਦੇਂਦੀ। ਵੱਖ ਦੇਖਣ ਦਾ ਕੋਈ ਕਾਰਨ ?

ਤਾਰ ਸ਼ਹਿਨਾਈ ਦੇ ਇਲਾਵਾ ਵਿਹਾਰਕ ਤੌਰ ਤੇ ਕੀ ਸਾਰੰਗੀ ਦਾ ਸਾਥ ਲਿਆ ਗਿਆ ਹੈ ਜਾਂ ਲਿਆ ਜਾ ਰਿਹਾ ਹੈ ? ਵੈਸੇ ਤਬਲੇ ਦੀ ਵਰਤੋਂ ਕੋਠਿਆਂ 'ਤੇ ਹੁੰਦੀ ਆ ਰਹੀ ਹੈ ? ਗੁਰਬਾਣੀ ਗਾਇਣ ਸਮੇਂ ਇਸ ਦੀ ਸ਼ਮੂਲੀਅਤ ਕਿਉਂ ਹੁੰਦੀ ਹੈ ? ਮੈਂ ਚਾਹੁੰਦਾ ਹਾਂ ਇਸ ਗੁੰਝਲ ਦਾ ਤਰਕ ਸੰਗਤ, ਖੋਜਵੰਤ ਲੇਖ ਕਿਸੇ ਵਿਦਵਾਨ ਕੋਲੋਂ ਲਿਖਾਓ ਜਾਂ ਤੁਸੀਂ ਖੁਦ ਲਿਖੋ। ਲੇਖ ਭਾਵਕ ਨਾ ਹੋਵੇ ਕਿ ਕੇ ਤੁਸੀਂ ਉਂਝ ਕਰੋਗੇ ਅਸੀਂ ਇੰਝ ਕਰਾਂਗੇ।

ਬੁੱਤ ਸਾਜ਼ ਅਮਰੀਕ ਸਿੰਘ ਦਾ ਕੰਮ ਤਸਵੀਰਾਂ ਰਾਹੀਂ ਦੇਖਣ ਨੂੰ ਮਿਲਿਆ। ਖੁਸ਼ੀ ਹੋਈ। ਲੇਖਕ ਕੌਣ ਹੈ ਪਤਾ ਨਾ ਲੱਗਾ। ਕੀ ਨਾਮਧਾਰੀ ਭਰਾ/ਸੰਸਥਾ ਇਹਨਾਂ ਦੀ ਮਦਦ ਨਹੀਂ ਕਰਦੀ। ਕਰ ਸਕਦੀ ਤਾਂ ਕਿ ਵਿਲੱਖਣ ਕੰਮ ਭਾਰਤ ਦੇ ਦੂਸਰੇ ਖਿੱਤਿਆ ਵਿਚ ਵੀ ਦੇਖਿਆ ਜਾ ਸਕੇ....

*—ਜਗਤਾਰ ਜੀਤ*

*੧੮-ਏ-ਪਰਤਾਪ ਨਗਰ, ਜੇਲ੍ਹ ਰੋਡ, ਨਵੀਂ ਦਿੱਲੀ ੧੧੦੦੬੪*

- - - -

...ਵਰਿਆਮ (ਜੁਲਾਈ ੨੦੦੭) ਤਿੰਨ ਸੰਪਾਦਕੀ, ਮੀਡੀਆ, ਸ਼ਹੀਦ, ਹਾਕੀ ਇਕੋ 'ਚ ਸਮੇਟੇ ਹੋਏ ਨੇ। ਵਿਰਕ ਦੇ ਲੇਖ 'ਚ ਚੱਕ ਰਾਮਦਾਸ ਦਾ ਜ਼ਿਲ੍ਹਾ ਗੁਜਰਾਂਵਾਲਾ ਸੀ ਤੇ ਹੈ, ਸਿਆਲਕੋਟ ਨਹੀਂ। ਫੋਟੋਆਂ ਤੇ ਐਨਾ ਖਰਚ ? ਵਿਰਕ ਜੀ ਨੇ ਦਲੀਪ ਸਿੰਘ ਨੂੰ ਵੀ ਚੇਤੇ ਕਰ ਲਿਆ ਹੈ। ਕਿਸਾਨ ਨੂੰ ਕਈਆਂ ਕਿਹੈ, ਸੌ ਗਿਐਂ ਥੱਕ ਗਿਐ ਕਹਿਤੇ ਕਹਿਤੇ। .... ਮਾਸਟਰ ਅਮਰੀਕ ਸਿੰਘ ਜੀ, ਦੀ ਪਹਿਲੀ ਪਾਕਿ ਫੇਰੀ ਮੈਂ ਪੜੀ, ਕਿਹਾ ਐਵੇਂ ਕਵਿਤਾ ਵਿਚ ਮੁੜ ਮੁੜ ਓਹੀ ਗੱਲਾਂ ਕਰੀ ਜਾਂਦੇ ਓ ਨਸਰ ਵਿਚ ਦਮ ਹੈ......

*—ਸਾਧੂ ਸਿੰਘ ਕਿਸਾਨ*

- - - -

ਤਹਾਡਾ ਪੱਤਰ ਵਰਿਆਮ ਦੇ ਚੰਦੇ ਬਾਰੇ ਮਿਲ ਗਿਆ ਸੀ। ਚਾਰ ਸੌ ਰੁਪਏ ਦਾ ਮਨੀ ਆਰਡਰ ਭੇਜ ਦਿੱਤਾ ਹੈ। ਹਿਸਾਬ ਵਿਚ ਜਮਾ ਕਰ ਲੈਣਾ।

ਤੁਹਾਡਾ ਪਰਚਾ ਹਰ ਮਹੀਨੇ ਮਿਲ ਜਾਂਦਾ ਹੈ... ਵੈਸੇ ਤਾਂ ਤੁਹਾਡਾ ਪਰਚਾ ਠੀਕ ਹੁੰਦਾ ਹੈ ਖਾਸ ਕਰ ਤੁਹਾਡਾ ਐਡੀਟੋਰੀਅਲ



Namdhari Elibrary NamdhariElibrary@gmail.com

ਆਰਟੀਕਲ ਪਰ ਮੈਂ ਇਕ ਗੱਲ ਲਿਖਣੀ ਚਾਹਾਂਗਾ ਕਿ ਤਕਰੀਬਨ ਹਰ ਵਾਰੀ ਪੁਰਾਣੇ ਇਤਿਹਾਸ ਹੀ ਦੁਹਰਾਏ ਜਾਂਦੇ ਹਨ। ਤੁਹਾਨੂੰ ਉਪਰਾਲਾ ਕਰਨਾ ਚਾਹੀਦਾ ਹੈ। ਨਾਮਧਾਰੀ ਪਰਚਾਰ ਅਤੇ ਕੀਤੀਆਂ ਹੋਈਆਂ ਕੁਰਬਾਨੀਆਂ ਇਕ ਸੀਮਤ ਹੱਦ ਵਿਚ ਹੀ ਹਨ। ਆਮ ਲੋਕਾਂ ਨੂੰ ਕੁਝ ਐਸੇ ਤਰੀਕੇ ਨਾਲ ਦਸਿਆ ਜਾਏ ਕਿ ਉਹ ਇਸ ਪੰਥ ਦੀ ਮਹਾਨਤਾ ਨੂੰ ਜਾਣ ਸਕਣ.... ਹਰ ਮਹੀਨੇ ਹਰ ਇੱਕ ਗੁਰੂ ਜੀ ਦੇ ਆਦਰਸ਼ ਬਾਰੇ ਉਹਨਾਂ ਦੀਆਂ ਕੀਤੀਆਂ ਘਾਲਨਾ ਬਾਰੇ ਮਜ਼ਮੂਨ ਛਾਪੇ ਜਾਣ।

ਮੇਰੇ ਖਿਆਲ ਵਿਚ ਇਹ ਕਿਸੇ ਵੀ ਨਾਮਧਾਰੀ ਨੂੰ ਨਹੀਂ ਪਤਾ ਕਿ ਨਾਮਧਾਰੀ ਕੌਮ ਦੀ ਗਿਣਤੀ ਕਿੰਨੀ ਹੈ। ਦਿੱਤੀ ਜਾਵੇ। ਹੋਰ ਵੀ ਕਿੰਨੇ ਹੀ ਮਹਾਂਪੁਰਸ਼ ਹੋਏ ਹਨ ਉਹਨਾਂ ਦੀ ਜ਼ਿੰਦਗੀ ਬਾਰੇ ਸੂਚਨਾ ਦਿਤੀ ਜਾਵੇ। ਅਪਣੇ ਪਰਚੇ ਨੂੰ ਹੋਰ ਵੀ ਮਜ਼ਮੂਨ ਛਾਪ ਕੇ ਦਿਲ ਚਸਪ ਬਣਾਇਆ ਜਾਵੇ।

*—ਮਹਿੰਦਰ ਸਿੰਘ*

*੪੦੨. ਈਸ਼ਵਰ ਧਾਮਮ ਕਾਲੋਨੀ, ਹੈਦਰਾਬਾਦ*

- - - -

ਪਰਚਾਰ ਕਰਨ ਵਾਲਾ ਜਿਨਾਂ ਮਰਜੀ ਕੋਈ ਝੂਠ ਮਾਰੇ ਉਸ ਨੂੰ ਕੋਈ ਅਗਿਓਂ ਟੋਕਦਾ ਨਹੀਂ ਭਾਵੇਂ ਸਰੋਤਿਆਂ ਨੂੰ ਪਤਾ ਵੀ ਹੋਵੇ ਕਿ ਇਹ ਝੂਠ ਬੋਲੀ ਜਾਂਦਾ ਏ। ਇਸੇ ਤਰ੍ਹਾਂ ਇਕ ਫੰਕਸ਼ਨ ਤੇ ਮਾਸਟਰ ਅਮਰੀਕਾ ਸਿੰਘ ਕਹਿਣ ਲਗੇ ਕਿ ਮੈਂ ਜੋ ਕੁਝ ਲਿਖਿਆ ਸੀ ਓਹ ਤਾਂ ਮੈਂ ਘਰੇ ਹੀ ਭੁੱਲ ਆਇਆ ਹਾਂ। ਓਹਨਾ ਕਿਹਾ ਕਿ ਮੈਂ ਭੁਲੱਕੜ ਬੜਾ ਹਾਂ। ਮੈਂ ਇਕ ਵਾਰ ਖੇਤ ਵਿਚ ਕੰਮ ਕਰਦਾ ਸਾਂ। ਮੈਂ ਘਰੇ ਰੋਟੀ ਖਾਣ ਵਾਸਤੇ ਆਇਆ ਸਾਂ। ਰੋਟੀ ਖਾਧੇ ਬਗੈਰ ਹੀ ਮੈਂ ਵਾਪਸ ਖੇਤ ਚਲਾ ਗਿਆ। ਖੇਤ ਜਾ ਕੇ ਚੇਤਾ ਆਇਆ ਕਿ ਮੈਂ ਤਾਂ ਰੋਟੀ ਖਾਣੀ ਸੀ।... ਮਾਸਟਰ ਜੀ ਦੀ ਇਹ ਗੱਲ ਮੇਰੇ ਅੰਦਰ ਨੂੰ ਜੱਚੀ ਨਹੀਂ ਸੀ। ਹੁਣ ਆ ਕੇ ਸਮਝ ਲਗੀ ਏ ਕਿ ਵਾਕਿਆ ਹੀ ਮਾਸਟਰ ਜੀ ਏਡੇ ਭੁਲੱਕੜ ਹਨ। ਕਿਉਂ ਜੋ ਕਿਸੇ ਦੇ ਹਾਰ ਔਰ ਕਿਸੇ ਦਾ ਸਤਿਕਾਰ ਭੁਲੇਖੇ ਨਾਲ ਇਹਨਾਂ ਨੂੰ ਮਿਲ ਗਿਆ ਸੀ। ਪਾਕਿਸਤਾਨ ਦੀ ਯਾਤਰਾ ਤੇ ਇਹ ਵੀ ਪੰਜਤਾਲੀ ਸਾਲ ਬਾਅਦ ਇਹਨਾਂ ਨੂੰ ਚੇਤਾ ਆਇਆ ਹੈ। ਹੋ ਸਕਦਾ ਏ ਮਾਸਟਰ ਅਮਰੀਕ ਸਿੰਘ ਨੂੰ ਅਜੇ ਵੀ ਚੇਤਾ ਨਾ ਹੀ ਆਉਂਦਾ ਜੇਕਰ ਸਾਧੂ ਸਿੰਘ ਕਿਸਾਨ ਚੇਤਾ ਨਾ ਕਰਾਉਂਦੇ ਕਿਉਂਕਿ ਇਹ ਦੋਵੇਂ ਮਾਮੇ ਫੁਫੀ ਦੇ ਭਰਾ ਵੀ ਹਨ। ਦੂਸਰਾ ਸਾਧੂ ਸਿੰਘ ਦਾ ਚੇਤਾ ਵੀ ਬਹੁਤ ਹੈ। ਵਕਤ ਨੂੰ ਵੀ ਬੜੀ ਛੇਤੀ ਕਵਰ ਕਰਦੇ ਹਨ। ਕਿਸਾਨ ਸਾਹਿਬ ਨੇ ਪਾਕਿਸਤਾਨ ਦੀ ਯਾਤਰਾ ਤੋਂ ਆਣ ਕੇ ਰੋਟੀ ਫੇਰ ਖਾਧੀ ਏ ਪਹਿਲਾਂ ਯਾਤਰਾ ਦਾ ਲੇਖ ਵਰਿਆਮ ਨੂੰ ਦੇ ਕੇ।

***ਬਬੇਕ ਸਿੰਘ ਬਾਜਵਾ***

*ਬੁੱਡੀ ਮਾੜੀ- ਡੇਰਾ ਨਾਲੀ*

*ਦੇ ਪੁੱਲ ਉਤੇ, ਸਰਸਾ, ਹਰਿਆਣਾ*

- - - -

ਵਰਿਆਮ ਦੇ ਵਕਤ ਸਿਰ ਪੁਜਣ ਤੇ ਹਦੋਂ ਵੱਧ ਸਰਦੀ ਦੀ ਹੋਂਦ ਨੇ ਘਰ ਵਿਚ ਹੀ ਬਹੁਤੇ ਕੰਮ ਤਿਆਗ ਇਸ ਵਿਚ ਚੰਗੇ ਡੂੰਘਿਆਂ ਹੋ ਸਾਰੀ ਦਿਹਾੜ ਲਗਾਈ। ਸੰਪਾਦਕੀ ਵਿਚ ਪ੍ਰਤਿਭਾ ਪਾਟਿਲ ਦੇ ਪ੍ਰਧਾਨਗੀ ਸਿੰਘਾਸਣ ਤੇ ਬਿਰਾਜਮਾਨ ਹੋਣ ਨਾਲ ਜੋ ਅੱਜ ਦੀ ਔਰਤ ਦੀ ਤਸਵੀਰ ਤੁਸੀਂ ਖਿੱਚ ਵਿਖਾਈ ਹੈ ਉਸ ਨੂੰ ਵਾਰ-ਵਾਰ ਤੱਕਣ ਨੂੰ ਦਿਲ ਕਰਦਾ ਹੈ। ਟ੍ਰੈਫਿਕ ਦੀ ਸਮੱਸਿਆ ਵਿਚ ਤੁਸੀਂ ਜ਼ਿਕਰ ਕਰਨਾ ਭੁੱਲ ਗਏ ਕਿ ਪ੍ਰਦੇਸੋਂ ਆਏ ਡ੍ਰਾਈਵਰ ਸਦਾ ਮਿਸਜ਼ ਨੂੰ ਖੱਬੀ ਫਰੰਟ ਸੀਟ ਤੇ ਇਸ ਕਰ ਕੇ ਸਾਥ ਰੱਖਦੇ ਹਨ ਕਿ ਮੋੜ ਤੇ ਆ ਦੋਵਾਂ ਪਾਸਿਆਂ ਤੋਂ ਕਲੀਅਰੈਂਸ ਇੱਕ ਸਾਥ ਮਿਲਦੀ ਰਹੇ। ਮੈਨੂੰ ਵਾਪਸ ਏਥੇ ਪਰਤ ਮਹੀਨਾ ਭਰ ਪਤਨੀ ਨੂੰ ਸਾਥ ਇਸ ਕਰ ਕੇ ਰੱਖਣਾ ਪੈਂਦਾ ਹੈ ਕਿਉਂਕਿ ਮੈਂ ਦੋ ਤਿਨ ਫੇਰੀ ਦੇ ਮਹੀਨਿਆਂ ਵਿਚ ਭਾਰਤੀ ਡਰਾਈਵਰ ਬਣ ਚੁੱਕਾ ਹੁੰਦਾ ਹਾਂ ਤੇ ਟ੍ਰੈਫਿਕ ਰੂਲ ਮੈਨੂੰ ਸਭ ਓਪਰੇ ਲਗਣ ਲੱਗ ਪੈਂਦੇ ਹਨ।

ਗੁਰੂਬਚਣ ਸਿੰਘ ਨਾਮਧਾਰੀ ਜਿਹੇ ਅਧਿਆਤਮਕ ਰੰਗਾਂ ਵਿਚ ਰੱਤੜੇ ਨੂੰ ਜੇ ਕਲਮ ਫੜਦਿਆਂ ਬੁੱਲੇ ਦੀ ਯਾਦ ਆਈ ਤਾਂ ਅਸਚਰਜਤਾ ਕਿਓਂ ? ਉੱਚੀਆਂ ਉਡਾਨਾਂ ਮਾਨਣ ਵਾਲੇ ਨੂੰ ਬਾਗਾਂ ਦੇ ਬੇਰ ਠੂੰਗਣੇ ਕਦੇ ਨਹੀਂ ਭਾਉਂਦੇ।

ਪੰਜਾਬ ਦੀ ਆਜ਼ਾਦੀ ਦੀ ਪਹਿਲੀ ਜੰਗ ਦੀ ਤਾਂ ਕੂਕਾ ਸੰਘਰਸ਼ ਸਮੇਤ ਆਵਾਮ ਦੀ ਲੜੀ ਗਈ ਪਹਿਲੀ ਜੰਗ ਸੀ ਜਿਸ ਨੂੰ ਖੁਲ੍ਹ ਕੇ ਪਰਚਾਰਿਆ ਨਹੀਂ ਜਾ ਰਿਹਾ। ਧੰਨਵਾਦ ਡਾ. ਕਿਰਪਾਲ ਸਿੰਘ ਜੀ। ਝੱਬਰ ਪਰਿਵਾਰ ਦਾ ਪਿਛੋਕੜ ਤੇ ਨਾਮਧਾਰੀ ਰੰਗਣਾ ਵਿਚ ਰੰਗਿਆ ਪਿਆ ਹੈ। ਵਿਰਕ ਜੀ ਦੀ ਕਲਮ ਉਸ ਦੀ ਪਹਿਚਾਣ ਹੈ।

ਮਾਸਟਰ ਜੀ ਦੀ ਫੇਰੀ ਤੋਂ ਹੁਣ ਵਾਂਗੂ ਅੱਗੇ ਨੂੰ ਵੀ ਬੜੇ ਰੰਗਲੇ ਦਰਿਸ਼ ਰੂਪਮਾਨ ਹੋਣਗੇ। ਪਾਠਕ ਤੇ ਪੁਸਤਕ ਤੱਕ ਦੇ ਗੈਪ ਦੀ ਸਟੱਡੀ ਨੀਲਧਾਰੀ ਜੀਆਂ ਖੂਬ ਕੀਤੀ ਹੈ ਜੇ ਅਮਲ ਵਿਚ ਲਿਆਂਦਾ ਜਾਵੇ। ਕਵਿਤਾਵਾਂ ਵਾਲੇ ਭੀ ਸਾਰੇ ਪੰਨੇ ਮੈਨੂੰ ਚੰਗੀ ਤਰ੍ਹਾਂ, ਪੜ੍ਹਨ ਦੀ ਆਦਤ ਹੀ ਬਣ ਗਈ ਹੈ।

ਬੱਚਿਆ ਫੇਰ— ਚਿੱਠੀ ਦੇ ਅੱਜ ਪੋਸਟ ਜ਼ਰੂਰ ਹੋਣਾ ਹੈ ।

***—ਦਲਬੀਰ ਸਿੰਘ ਤਰਸ***

*ਸਿਡਨੀ, ਅਸਟ੍ਰੇਲੀਆ*

*੯-੮-੦੭*



Namdhari Elibrary NamdhariElibrary@gmail.com

Our Motto : Best Quality of the Day

***High Class Gun Manufacturers***

**Single & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

ਜਲੰਧਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੁਆਗਤ ਦੇ ਦ੍ਰਿਸ਼






Namdhari Elibrary NamdhariElibrary@gmail.com

Registered No. PB 0016 (2006-2008) Monthly Wariam Ladowali Road, Jalandhar - 144 001
Regd. RNI No. 26453/75
September 2007



ਪ੍ਰੋ. ਤਾਰਾ ਸਿੰਘ ਅਨਜਾਣ ਲਿਖਤ ਅੰਗਰੇਜ਼ੀ ਪੁਸਤਕ ਸੰਖੇਪ ਨਾਮਧਾਰੀ ਇਤਿਹਾਸ ਸਤਿਗੁਰੂ ਜੀ ਨੂੰ ਭੇਂਟ ਕਰਦੇ ਹੋਏ ਲੇਖਕ ਤੇ ਸੰਤ ਰਛਪਾਲ ਸਿੰਘ ਜੀ।



ਜਲੰਧਰ ਦੀ ਸੰਗਤ ਵੱਲੋਂ ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹੋਏ ਸ. ਜਗਦੀਸ਼ ਸਿੰਘ ਵਰਿਆ, ਸ੍ਰੀ ਜਤਿੰਦਰ ਪਾਲ ਸਿੰਘ ਚਿੰਕਾ, ਪ੍ਰਧਾਨ ਸੁਰਜੀਤ ਸਿੰਘ, ਸੁਖਦੇਵ ਸਿੰਘ ਜੀ, ਸੈਕਟਰੀ ਦੀਪ ਸਿੰਘ, ਸੁਰਿੰਦਰ ਸਿੰਘ ਸ. ਗੁਰਚਰਨ ਸਿੰਘ, ਸ. ਆਗਿਆ ਸਿੰਘ ਜੀ ਆਦਿਕ



ਰਾਗੀ ਸਿੰਘ ਸੰਤ ਹਰਬੰਸ ਸਿੰਘ ਘੁੱਲਾ, ਸਰਮੁਖ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਅਜੈਪਾਲ ਸਿੰਘ, ਬਲਬੀਰ ਸਿੰਘ ਮੌਜੀ ਸੰਤੋਖ ਸਿੰਘ ਆਦਿ।

*ਤਸਵੀਰਾਂ : ਸੂਰਤ ਪਾਲ ਸਿੰਘ*

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com